# ਵਰਿਆਮ

ਸਤੰਬਰ ੧੯੯੦




ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਗੋਸ਼ਟੀ

ਉਪਰ ਸਤਿਗੁਰੂ ਜਗਜੀਤ ਸਿੰਘ ਜੀ ਵਿਦਵਾਨਾਂ ਨੂੰ ਸੰਬੋਧਨ ਕਰਦੇ ਹੋਏ ।

ਥੱਲੇ : ਸ਼ਤਾਬਦੀ ਕਮੇਟੀ ਦੇ ਪ੍ਰਧਾਨ ਸ: ਹ. ਸ. ਹੰਸਪਾਲ ਐਮ. ਪੀ. ਭਾਰਤ ਦੇ ਉਪ ਰਾਸ਼ਟਰਪਤੀ ਡਾ. [illegible] ਕਰਦੇ ਹੋਏ ।

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਗੋਸ਼ਟੀ ਨਵੀਂ ਦਿਲੀ



੮ ਸਤੰਬਰ ਨੂੰ ਨਵੀਂ ਦਿਲੀ ਵਿਖੇ ਹੋਈ ਗੋਸ਼ਟੀ ਸਮੇਂ ਦੇ ਦ੍ਰਿਸ਼

ਉਪਰ ਖਬਿਓਂ : ਸ੍ਰੀ ਪ੍ਰੀਤਮ ਸਿੰਘ ਕਵੀ, ਸ. ਜਸਵਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ
ਅਤੇ ਸ. ਤਾਰਾ ਸਿੰਘ ਅਨਜਾਣ

ਵਿਚਕਾਰ : ਸ. ਹ.ਵਿੰਦਰ ਸਿੰਘ ਹੰਸਪਾਲ, ਡਾ. ਕਰਨਜੀਤ ਸਿੰਘ ਤੇ ਡਾ ਗਿਆਨੀ ਭਜਨ ਸਿੰਘ

ਥਲੇ : ਸ. ਹੰਸਪਾਲ, ਸ. ਪ੍ਰੀਤਮ ਸਿੰਘ ਸੰਪਾਦਕ ਆਰਸੀ, ਪ੍ਰੀਤਮ ਸਿੰਘ ਪੰਛੀ ਤੇ ਪਿਆਰਾ ਸਿੰਘ ਦਾਤਾ ਆਦਿ

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



**ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ**

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪ੍ਰਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

**ਨਾਮਧਾਰੀ ਏਜੰਸੀਜ਼**

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
„ : 2510345
Resi. : 2213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA





Sri Satguru Jagjit Singh Ji eLibrary NamdhariElibrary@gmail.com

# ਵਰਿਆਮ

ਸਤੰਬਰ—੧੯੯੦ ਜਿਲਦ—੧੫ ਅੰਕ—੧੧

ਤਤਕਰਾ


| | |
|---|---|
| ਸੰਪਾਦਕੀ | ੩ |
| ਸਤਿਗੁਰੂ ਪ੍ਰਤਾਪ ਸਿੰਘ ਜੀ : ਪ੍ਰਭੂ-ਭਗਤੀ ਤੇ ਦੇਸ਼ਭਗਤੀ ਦੇ ਸੁਮੇਲ—ਡਾ. ਹਰਿਭਜਨ ਸਿੰਘ | ੬ |
| ਪ੍ਰਕਾਸ਼ਕ ਪ੍ਰਭੂ—ਲਖਵਿੰਦਰ ਜੌਹਲ | ੧੦ |
| ਸ. ਸ. ਮੀਸ਼ਾ—ਸਵਿਤੋਜ | ੧੧ |
| ਬੇਵਸੀ—ਨਜ਼ਮ—ਸੁਖਜੀਤ | ੧੪ |
| ਦੋ ਗ਼ਜ਼ਲਾਂ—ਕ੍ਰਿਸ਼ਨ ਭਨੋਟ | ੧੫ |
| ਗੀਤ—ਸਰਿੰਦਰ ਸੋਹਲ | ੧੫ |
| ਤਾਰ ਸ਼ਹਿਨਾਈ ਨਾਲ ਇਕ ਸੁਰ ਬਲਜੀਤ ਸਿੰਘ —ਸੁਖਜੀਤ | ੧੬ |
| ਤਿਖਲ : ਕਹਾਣੀ—ਸ਼ਰਨ ਮਕੜ | ੨੨ |
| ਜਿਨੀ ਪ੍ਰੇਮ ਕੀਓ ਕਹਾਣੀ—ਤਾਲਸਤਾਏ | ੨੫ |
| ਖੇਡ ਜਗਤ—ਜਸਪਾਲ ਸ਼ੇਤਰਾ | ੬੧ |
| ਖਬਰਨਾਮਾ | ੪੨ |



| ਦਫਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੋਰ ਮਿਲ) | Ladowali Road, |
| ਜਲੰਧਰ ੧੪੪੦੦੧ | (Near Madan Flour Mill Jalandhar-144001 |

ਫੋਨ : ਦਫਤਰ : ੫੭੪੫੬ ] P.P.
੫੮੨੪੪
ਘਰ : ੫੬੨੮੯

ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੩.੦੦ ਰੁਪਏ |
| ਸਾਲਾਨਾ ਚੰਦਾ | ੩੦.੦੦ ,, |
| ਤਿੰਨ ਸਾਲ ਵਾਸਤੇ | ੮੦.੦੦ ,, |
| ਚਾਰ ਸਾਲ ਵਾਸਤੇ | ੧੦੦.੦੦ ,, |
| ਪੰਜ ਸਾਲ ਵਾਸਤੇ | ੧੨੫.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |


ਸੰਪਾਦਕੀ

## ਆਓ ਸੁਖ ਮੰਗੀਏ

ਆਓ ਲੋਕਾਂ ਦੀ ਸੁਖ ਸ਼ਾਂਤੀ ਵਾਸਤੇ ਅਰਦਾਸ ਕਰੀਏ। ਮਨੋ ਹੋ ਕੇ ਪ੍ਰੇਮ ਅਤੇ ਪ੍ਰੀਤ ਦੀ ਖੈਰ ਮੰਗੀਏ ਅਤੇ ਇਸ ਭਾਵਨਾ ਨੂੰ ਅਮਲ ਵਿਚ ਲਿਆਈਏ। ਜ਼ਰਾ ਸਮਕਾਲੀ ਸਥਿਤੀ ਤੇ ਨਜ਼ਰ ਮਾਰੀਏ ਤਾਂ ਪ੍ਰਤੱਖ ਦਿਸੇਗਾ ਕਿ ਨਵ-ਭਾਰਤ ਅਪਣੇ ਜੀਵਨ ਦੇ ਅਤਿ ਸੰਕਟ ਕਾਲੀਨ ਸਮੇਂ ਚੋਂ ਲੰਘ ਰਿਹਾ ਹੈ! ਲੋਕ ਆਪਣੇ ਸਕੇ ਸਨੇਹੀਆਂ ਦੇ ਮਰਨੇ ਪਰਨੇ ਅਤੇ ਵਿਆਹ ਸ਼ਾਦੀ ਤੇ ਵੀ ਨਹੀਂ ਜਾ ਸਕਦੇ। ਰੇਲਾਂ ਅਤੇ ਬੱਸਾਂ ਲੰਮੇ ਸਮੇਂ ਤੋਂ ਬੰਦ ਹਨ। ਸਕੂਲ ਕਾਲਜ ਬੰਦ ਹਨ। ਦੇਸ਼ ਦੇ ਜੁਆਨ ਮੁੰਡੇ ਕੁੜੀਆਂ ਜ਼ਹਿਰ ਖਾ ਖਾ ਕੇ, ਅੱਗਾਂ ਲਾ ਲਾ ਕੇ, ਫਾਹ ਲੈ ਲੈ ਕੇ ਮਰ ਰਹੇ ਹਨ। ਆਪਣੀ ਜਾਇਦਾਦ ਜਿਹਨੂੰ ਸਰਕਾਰੀ ਸੰਪਤੀ ਕਿਹਾ ਜਾਂਦਾ ਹੈ ਕਰੋੜਾਂ ਰੁਪਿਆਂ ਦੀ ਨਸ਼ਟ ਹੋ ਗਈ ਹੈ, ਰੇਲਵੇ ਸਟੇਸ਼ਨ, ਡਾਕਘਰ ਤੇ ਵੱਡੇ ਵੱਡੇ ਭਵਨ ਲੋਕਾਂ ਆਪਣੇ ਹੱਥੀਂ ਫੂਕੇ ਹਨ। ਇਸ ਸਾੜ ਫੂਕ ਵਿਚ ਨਿਰਸੰਦੇਹ ਉਹ ਲੋਕ ਸ਼ਾਮਲ ਹਨ ਜੋ ਵਿਦਿਆਰਥੀ ਨਹੀਂ ਪਰ ਏਨੀ ਗੱਲ ਕਹਿਣ ਨਾਲ ਅਸੀਂ ਸਥਿਤੀ ਦੀ ਭਿਆਨਕਤਾ ਤੋਂ ਤਾਂ ਨਹੀਂ ਬਚ ਸਕਦੇ। ਅਜੇ ਤਾਂ ਪੰਜਾਬ ਵਿਚ ਵਗਦੇ ਖ਼ੂਨ ਦੇ ਦਰਿਆ ਨੂੰ ਠਲ੍ਹ ਨਹੀਂ ਪਈ। ਅਜੇ ਤਾਂ ਕਸ਼ਮੀਰ ਵਿਚੋਂ ਉਠੀਆ ਲਾਟਾਂ ਨੂੰ ਠੰਡਿਆਂ ਕਰਨਾ ਸੀ। ਪਰ ਸਾਡੇ ਕੋਲੋਂ ਤਾਂ ਸੋਨੀਪਤ ਦਾ ਸਟੇਸ਼ਨ ਨਹੀਂ ਬਚਾਇਆ ਗਿਆ।

ਸਾਡੇ ਕੋਲੋਂ ਤਾਂ ਹਿੰਦ ਸਰਕਾਰ ਦੇ ਕੇਂਦਰ ਦੇ ਲਾਗੇ ਤੇ ਦਫਤਰ ਨਹੀਂ ਬਚਾਏ ਗਏ। ਇਹ ਸਰਕਾਰ ਆਰਕਸ਼ਤ ਲੋਕਾਂ ਦਾ ਬਚਾਅ ਕਿਵੇਂ ਕਰੇਗੀ।

ਅਸੀਂ ਤੁਰੇ ਤਾਂ ਸਾਂ ਜਾਤ ਗੋਤ ਰਹਿਤ ਸਮਾਜ ਸਿਰਜਣ ਵਾਸਤੇ।ਜਾਤਾਂ ਦੀ ਵੰਡ ਖਤਮ ਕਰਨ ਵਾਸਤੇ ਪਰ ਪਹੁੰਚੇ ਕਿਥੇ ਹਾਂ? ਅਪਣੀਆਂ ਲਕੋ ਲਕੋ ਕੇ ਰਖੀਆਂ ਜਾਤਾਂ ਨੂੰ ਲਿਸ਼ਕਾਣ ਵਾਲੀ ਥਾਂ ਤੇ। ਅੱਜ ਇਸ ਗੱਲ ਦੀ ਹੋੜ ਲਗ ਗਈ ਹੈ ਕਿ ਅਸੀਂ ਇਹ ਹੀ ਸਾਬਤ ਕਰਨਾ ਹੈ ਕਿ ਅਸੀਂ ਤਾਂ ਸਭ ਤੋਂ ਪਿਛੜੇ ਹੋਏ ਹਾਂ। ਅਸੀਂ ਗਰੀਬ ਹਾਂ। ਸਾਨੂੰ ਆਕਰਸ਼ਤ ਕਰ ਲਵੋ। ਅਜਿਹਾ 'ਨਿਰਮਾਨਤਾ' ਦਾ ਯੁਗ ਆ ਗਿਆ ਹੈ ਕਿ ਹੁਣ ਰਾਠ ਵੀ ਮਸਕੀਨ ਥੀਣ ਨੂੰ ਲੋਚਦੇ ਨੇ।

ਅਸੀਂ ਆਜ਼ਾਦ ਭਾਰਤ ਵਾਸਤੇ ਜੋ ਰਾਜਸੀ ਪ੍ਰਣਾਲੀ ਚੁਣੀ ਹੈ ਉਹ ਹੈ ਆਧੁਨਕ ਚੇਤਨਾ ਵਾਲੀ ਲੋਕਰਾਜੀ ਪ੍ਰਣਾਲੀ। ਜਮਹੂਰੀਅਤ, ਲੋਕਾਂ ਦਾ ਰਾਜ। ਕਿੰਨਾ ਲੁਭਾਵਨਾ ਸੰਕਲਪ ਹੈ। ਲੋਕ ਰਾਜ ਭਾਵ ਇਸ ਨੇ ਲੋਕਾਂ ਦੀ ਸਮੁਚੀ ਸੋਚ ਤੇ ਸੂਝ ਤੋਂ ਸੇਧ ਲੈ ਕੇ ਚਲਣਾ ਹੈ। ਬਹੁਗਿਣਤੀ ਦਾ

Sri Satguru Jagjit Singh Ji eLibrary NamdhariElibrary@gmail.com

ਰਾਜ ਇਸ ਸ਼ਕਲ ਵਿਚ ਹੈ ਕਿ ਬਹੁਤੇ ਲੋਕਾਂ ਨੂੰ ਜੋ ਗੱਲ ਸਹੀ ਲਗਦੀ ਹੈ ਉਹ ਕਰ ਲਈ ਜਾਵੇ ਪਰ ਵਰਤੋਂ ਵਿਚ ਨੁਕਸ ਕਿਥੇ ਹੈ ? ਉਹ ਭਾਵਨਾ ਵਿਚ ਹੈ। ਲੋਕ ਰਾਜ ਦੀ ਭਾਵਨਾ ਤਾਂ ਇਹ ਹੈ ਕਿ ਸਾਰੇ ਦੇ ਸਾਰੇ ਜਾਂ ਵੱਧ ਤੋਂ ਵੱਧ ਲੋਕਾਂ ਨੂੰ ਨਾਲ ਲੈ ਕੇ ਚਲਣਾ ਹੈ ਪਰ ਅਮਲ ਵਿਚ ਸਾਡੇ ਲੋਕ ਰਾਜ ਨੇ ਇਹ ਲਿਆਂਦਾ ਹੈ ਕਿ ਕਿਸੇ ਵੀ ਪ੍ਰਕਾਰ ਦੀ ਤਿਗੜਮ ਨਾਲ ਕੁਝ ਲੋਕਾਂ ਦੇ ਠੋਸ ਗਰੁਪ ਇਵੇਂ ਬਣਾਏ ਜਾਣ ਜਿਵੇਂ ਇਹ ਤੱਕੜੀ ਦੇ ਵੱਟੇ ਹੁੰਦੇ ਹਨ ਅਤੇ ਜਦੋਂ ਚਾਹਿਆ ਜਿਸ ਛਾਬੇ ਵਿਚ ਉਹਨਾਂ ਨੂੰ ਧਰਣ ਦਾ ਪਰਬੰਧ ਕਰ ਲਿਆ ਤੇ ਉਹ ਛਾਬਾ ਭਾਰਾ ਕਰ ਲਿਆ। ਇਸ ਤਰ੍ਹਾਂ ੧੦੦ ਵਿਚੋਂ ੫੧ ਬੰਦੇ ਵੀ ਇਕ ਪਾਸੇ ਹੋਣ ਤਾਂ ਉਹਨਾਂ ਦਾ ਰਾਜ ਸੱਤਾ ਤੇ ਅਧਿਕਾਰ ਹੋ ਗਿਆ। ੧੦੦ ਵਿਚੋਂ ੪੦ ਵੀ ਇਕੱਠੇ ਹੋਣ ਤੇ ਬਾਕੀ ਅੱਡ ਅੱਡ ਤਾਂ ਇਹਨਾਂ ਚਾਲੀਆਂ ਦਾ ਅਧਿਕਾਰ ਹੋ ਗਿਆ।

ਜਿਸ ਵੇਲੇ ਇਥੇ ਲੋਕ ਰਾਜ ਨਹੀਂ ਸੀ। ਇਕ ਪੁਰਖੇ ਰਾਜ ਸਨ ਤਾਂ ਉਦੋਂ ਥੋਹੜੇ ਲੋਕ ਬਹੁਤਿਆਂ ਤੇ ਅਧਿਕਾਰ ਰਖਣ ਲਈ ਵਿਸ਼ੇਸ਼ ਯੋਗਤਾਵਾਂ ਪੈਦਾ ਕਰਦੇ ਸਨ। ਲੜਣ ਦੀਆਂ ਪੜ੍ਹਣ ਦੀਆਂ ਤਾਂਕਿ ਬਾਹੂ ਬਲ ਤੇ ਦਿਮਾਗ ਦੋਹਾਂ ਤਰੀਕਿਆਂ ਨਾਲ ਥੋਹੜੇ ਬੰਦੇ ਬਹੁਤਿਆਂ ਨੂੰ ਕਾਬੂ ਕਰ ਸਕਣ। ਹੁਣ ਲੜਣ ਭਿੜਣ ਦੀ ਲੋੜ ਨਹੀਂ। ਹੁਣ ਇਸ ਕਲਾ ਦੀ ਮੁਹਾਰਤ ਚਾਹੀਦੀ ਹੈ ਕਿ ਤੁਸੀਂ ਕਿਵੇਂ ਵੱਖ ਵੱਖ ਵਰਗਾਂ, ਜਾਤੀਆਂ, ਫਿਰਕਿਆਂ ਦੇ ਲੋਕਾਂ ਦੀਆਂ ਠੋਸ ਵੋਟਾਂ ਨੂੰ ਆਪਣੇ ਆਪਣੇ ਛਾਬੇ ਵਿਚ ਪਾ ਸਕਦੇ ਹੋ। ਅਤੇ ਇਵੇਂ ਇਸ ਫਾਰਮੂਲੇ ਨਾਲ ਸਾਡੀ ਜਮਹੂਰੀਅਤ ਉਤੋਂ ਬੜੀ ਤੰਦਰੁਸਤ ਲਗਦੀ ਰਹੀ ਹੈ ਵਿਚੋਂ ਖੁਰਦੀ ਰਹੀ ਹੈ। ਘੱਟ ਗਿਣਤੀ ਵਾਲੇ ਠੋਸ ਗਰੁਪ ਏਨੀ ਸ਼ਕਤੀ ਤਾਂ ਭਾਵੇਂ ਨਾ ਰਖਦੇ ਹੋਣ ਕਿ ਉਹ ਆਪ ਸੱਤਾ ਵਿਚ ਆ ਸਕਣ ਪਰ ਉਹ ਏਨੀ ਸ਼ਕਤੀ ਜ਼ਰੂਰ ਰਖਦੇ ਹਨ ਕਿ ਉਹ ਸੱਤਾ ਵਾਲਿਆਂ ਦੀ ਗੱਡੀ ਜ਼ਰੂਰ ਰੋਕ ਸਕਦੇ ਹਨ। ਉਹਨਾਂ ਨੂੰ ਸ਼ਕਤੀਵਾਨ ਹੁੰਦਿਆਂ ਸੁੰਦਿਆਂ ਸ਼ਕਤੀਹੀਣ ਕਰ ਸਕਣ। ਸਰਕਾਰ ਜੇ ਇਹ ਕਰ ਸਕਦੀ ਕਿ ਗਰੀਬ ਪਛੜੇ ਵਰਗਾਂ ਦੇ ਲੋਕਾਂ ਵਿਚ ਚੇਤਨਾ ਜਗਾ ਦਿੰਦੀ ਕਿ ਇਹਨਾਂ ਦਾ ਪਛੜੇਵਾਂ ਇਹਨਾਂ ਦੀ ਗੁਰਬਤ ਦੂਰ ਕਰਨੇ ਹਨ। ਏਸ ਵਾਸਤੇ ਵੱਧ ਵੋਂ ਵੱਧ ਵਸੀਲੇ ਤੇ ਹੀਲੇ ਪੈਦਾ ਕਰਨੇ ਹਨ ਤਾਂ ਇਹ ਕੰਮ ਨਿਰਸੰਦੇਹ ਫ਼ਲੀ ਭੂਤ ਹੁੰਦਾ ਪਰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ ਹੋਰਾਂ ਮੰਡਲ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਗੱਲ ਤਾਂ ੨੭% ਹੋਰ ਪਛੜੀਆਂ ਜਾਤਾਂ ਨੂੰ ਆਰਕਸ਼ਨ ਦੀ ਕੀਤੀ ਪਰ ਅੱਖ ਉਹਨਾਂ ਦੀ ਵੋਟਾਂ ਤੇ ਸੀ (ਉਂਝ ਇਕ ਹੀ ਜ਼ਾਤ ਵਿਚ ਕੁਝ ਲੋਕ ਪਛੜੇ ਹੁੰਦੇ ਹਨ ਕੁਝ ਖੁਸ਼ਹਾਲ ਹੁੰਦੇ ਹਨ)। ਏਸ ਭਾਵਨਾ ਵਿਚੋਂ ਜਿਹੜਾ ਜਿੰਨ ਪੈਦਾ ਹੋਣਾ ਸੀ ਉਹ ਹੋ ਗਿਆ ਹੈ।

ਅਸੀਂ ਚਾਹੁੰਦੇ ਸਾਂ ਕਿ ਚੰਡੀਗੜ੍ਹ ਵਾਲੇ ਜਨਤਾ ਦਲ ਦੇ ਐਮ.ਪੀ.ਹਰਮੋਹਨ ਧਵਨ ਦੇ ਇਸ ਬਿਆਨ ਦਾ ਖੰਡਨ ਹੋ ਜਾਂਦਾ ਕਿ ਇਕ ਕੇਂਦਰੀ ਮੰਤਰੀ ਨੇ ਕਿਹਾ ਸੀ ਕਿ ਸੰਨ ੧੯੮੪ ਵਿਚ ਦਿੱਲੀ 'ਚ ਚਾਰ ਹਜ਼ਾਰ ਸਿੱਖ ਮਰ ਗਿਆ ਸੀ ਫੇਰ ਵੀ ਕਾਂਗਰਸ ੪੦੦ ਸੀਟਾਂ ਲੋਕ ਸਭਾ ਦੀਆਂ ਜਿੱਤ ਗਈ ਸੀ ਪਰ ਅਜੇ ਤੱਕ ਇਸ ਦਾ ਖੰਡਨ ਨਹੀਂ ਹੋਇਆ।

ਕਾਂਗਰਸ ੪੦੦ ਸੀਟਾਂ ਤਾਂ ਲੈ ਗਈ ਸੀ ਪਰ ਪੰਜਾਬ ਵਿਚ ਜੋ ਮੌਤ ਦਾ ਆਹ ਤਾਂਡਵ ਨਾਚ ਹੋ ਰਿਹਾ ਹੈ ਉਸ ਦੀ ਬੁਨਿਆਦ ਉਹ ਹੀ ੪੦੦੦ ਸਿੱਖਾਂ ਦਾ ਕਤਲ ਹੈ। ਇਹ ਤਾਂ ਪ੍ਰਾਂਤ ਦੀ ਗੱਲ ਹੈ। ਜੇ ਕੇਂਦਰੀ ਮੰਤਰੀਆਂ ਦੀ ਅਜਿਹੀ ਸੋਚ ਹੈ ਤਾਂ ਸਾਰੇ ਦੇਸ਼ ਵਿਚ ਕੀ ਹੋਊ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ। ਇਸ ਵਾਸਤੇ ਆਓ ਇਸ ਦੇਸ਼ ਦੀ ਖੈਰ ਖੈਰੀਅਤ ਵਾਸਤੇ ਅਰਦਾਸ ਕਰੀਏ।

## ਇਹ ਅੰਕ

ਅਸੀਂ ਇਸ ਅੰਕ ਵਿਚ ਦਿੱਲੀ ਹੋਈ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਗੋਸ਼ਟੀ ਦੀ ਰਿਪੋਰਟ ਦਾ ਇਕ ਭਾਗ ਕੁਝ ਉਪਲਭਧ ਤਸਵੀਰਾਂ ਸਹਿਤ ਪ੍ਰਕਾਸ਼ਤ ਕੀਤਾ ਹੈ ਇਹ ਗੱਲ ਇਕ ਉਚੇਚ ਲਗਦੀ ਹੈ। ਅਸੀਂ ਇਹ ਉਚੇਚ ਇਸ ਕਰਕੇ ਕੀਤਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਸਾਲ ਵਿਚ ਅਜਿਹੇ ਕਾਰਜ ਕਰਮਾਂ ਤੇ ਉਚੇਚਾ ਅੰਕ ਕਢਣਾ ਵੀ ਸ਼ਤਾਬਦੀ ਵਿਚ ਹਿੱਸਾ ਪਾਉਣਾ ਹੀ ਹੈ। ਦੂਸਰਾ ਨਾਮਧਾਰੀ ਸਮਾਜ ਵਲੋਂ ਕਿਸੇ ਅਜਿਹੇ ਉਦਮ ਨੂੰ ਲੋਕਾਂ ਤਕ ਪਹੁੰਚਾਣਾ ਵੀ ਲੋੜੀਂਦਾ ਹੈ। ਇਹ ਕੰਮ ਇਸ ਰੂਪ ਵਿਚ ਵਰਿਆਮ ਹੀ ਕਰ ਸਕਦਾ ਸੀ, ਅਗੇ ਵੀ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਦੀ ਵਿਸਤ੍ਰਿਤ ਰਿਪੋਰਟ ਵਰਿਆਮ ਨੇ ਹੀ ਪ੍ਰਕਾਸ਼ਤ ਕੀਤੀ ਸੀ। ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਜੋ ਅਜਿਹਾ ਉੱਦਮ ਕੀਤਾ ਹੈ ਅਤੇ ਪੁਸਤਕਾਂ ਆਦਿਕ ਛਪਵਾਉਣ ਵੱਲ ਉਹਨਾਂ ਉਚੇਚਾ ਧਿਆਨ ਦਿਤਾ ਹੈ ਤਾਂ ਉਹਨਾਂ ਦੇ ਉੱਦਮ ਦੀ ਭਰਪੂਰ ਦਾਦ ਦੇਣੀ ਬਣਦੀ ਹੀ ਹੈ।

—ਜਗਦੀਸ਼ ਸਿੰਘ

ਇਸ ਅੰਕ ਵਿਚਲੀਆਂ ਤਸਵੀਰਾਂ ਸ: ਗੁਰਮੁਖ ਸਿੰਘ ਨਾਮਧਾਰੀ ਰਮੇਸ਼ ਨਗਰ ਦਿੱਲੀ ਦੀਆਂ ਖਿੱਚੀਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ



ਆਪ ਜੀ ਦੀ ਪਹਿਲੀ ਅਵਤਾਰ ਸ਼ਤਾਬਦੀ ਅਜ ਕਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਵਖ ਵਖ ਸਮਾਗਮ ਹੋ ਰਹੇ ਹਨ।

https://archive.org/details/namdhari



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ : ਪ੍ਰਭੂ-ਭਗਤੀ ਤੇ ਦੇਸ਼ਭਗਤੀ ਦੇ ਸੁਮੇਲ

—ਡਾ: ਹਰਿਭਜਨ ਸਿੰਘ—

ਹਰ ਮਨੁੱਖ ਕਿਸੇ ਨਾ ਕਿਸੇ ਪਰੰਪਰਾ ਵਿਚ ਜਨਮ ਲੈਂਦਾ ਹੈ। ਉਹ ਭਾਵੇਂ ਸੁਚੇਤ ਤੌਰ ਤੇ ਆਪਣੀ ਪਰੰਪਰਾ ਦਾ ਪਾਲਨ ਕਰੇ ਤੇ ਭਾਵੇਂ ਅਚੇਤ ਤੌਰ ਤੇ ਉਸ ਤੋਂ ਬੇਮੁੱਖ ਰਹੇ, ਪਰੰਪਰਾ ਵਿਚ ਜਨਮ ਲੈਣਾ ਹਰ ਮਨੁੱਖ ਦੀ ਹੋਣੀ ਹੈ। ਜਿਸ ਪਰੰਪਰਾ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਨਮ ਲਿਆ, ਉਸ ਵਿਚ ਉਹਨਾਂ ਨੂੰ ਸਤਿਗੁਰੂ ਵਿਸ਼ੇਸ਼ਣ ਨਾਲ ਜਾਣਿਆ ਅਤੇ ਸਨਮਾਨਿਆ ਜਾਂਦਾ ਹੈ। ਇਹ ਵਿਸ਼ੇਸ਼ਣ ਉਹਨਾਂ ਦੀ ਸ਼ਖਸੀਅਤ ਦਾ ਨਵੇਕਲਾ ਲੱਛਣ ਹੈ, ਇਸੇ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਸ ਪਰੰਪਰਾ ਦੇ ਜੀਅ ਹੀ ਨਹੀਂ ਸਨ, ਸਗੋਂ ਉਸ ਦੇ ਪ੍ਰਮੁਖ ਆਗੂ ਸਨ। ਉਹਨਾਂ ਦੇ ਬੋਲ ਨੂੰ ਪਰਮ ਸਤਿ ਦਾ ਦਰਜਾ ਪ੍ਰਾਪਤ ਸੀ ਅਤੇ ਉਸਦੀ ਪਾਲਨਾ ਪਰੰਪਰਾ ਦੇ ਹਰ ਜੀ ਦਾ ਧਾਰਮਕ ਮਹੱਤਵ ਸੀ। ਅਜਿਹੀ ਪੁਰਵਕਾਰ ਸਖਸੀਅਤ ਉਪਰ ਇਹ ਫਰਜ਼ ਲਾਗੂ ਹੁੰਦਾ ਹੈ ਕਿ ਉਹ ਨਾ ਕੇਵਲ ਆਪਣੀ ਪਰੰਪਰਾ ਦੇ ਅਨੁਯਾਈਆਂ ਨੂੰ ਪਾਰੰਪਰਕ ਦਾਇਰੇ ਦੇ ਅੰਦਰ ਰਖੇ, ਸਗੋਂ ਖ਼ੁਦ ਉਸ ਪਰੰਪਰਾ ਦੇ ਗੁਣਲੱਛਣਾਂ ਦਾ ਆਦਰਸ਼ ਰੂਪ ਬਣ ਜਾਵੇ ਜਿਸ ਦੇ ਨਕਸ਼ੇ ਕਦਮ ਤੇ ਚੱਲਣ ਲਈ ਹਰ ਅਨੁਯਾਈ ਆਪ-ਮੁਹਾਰੇ ਪ੍ਰੇਰਿਆ ਜਾਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੂੰ ਮੈਂ ਨਾਮਧਾਰੀ ਪਰੰਪਰਾ ਨਾਲ ਜੋੜ ਕੇ ਹੀ ਵਿਚਾਰ ਰਿਹਾ ਹਾਂ। ਸੱਚ ਤਾਂ ਇਹ ਹੈ ਕਿ ਇਸ ਪਰੰਪਰਾ ਨਾਲੋਂ ਵਿਜੋਗ ਕੇ ਉਹਨਾਂ ਦੀ ਸ਼ਖ਼ਸੀਅਤ ਨੂੰ ਵਿਚਾਰਿਆ ਹੀ ਨਹੀਂ ਜਾ ਸਕਦਾ। ਆਪਣੀ ਸੰਸਥਾ ਨਾਲ ਅਨਿੱਖੜ ਤੌਰ ਤੇ ਜੁੜੇ ਹੋਣ ਕਰਕੇ ਇਹਨਾਂ ਦਾ ਜ਼ਿਕਰ ਕਰਨ ਲਈ ਮੈਂ ਉਹਨਾਂ ਦੇ ਵਿਅਕਤੀ ਨਾਮ ਨਾਲ ਉਹਨਾਂ ਦਾ ਸੰਸਥਾ ਮੂਲਕ ਵਿਸ਼ੇਸ਼ਣ ਜੋੜਨਾ ਉਚਿਤ ਸਮਝ ਰਿਹਾ ਹਾਂ। ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਦੇ ਬਾਅਦ ਲੰਮੇ ਅਰਸੇ ਤੱਕ ਸ੍ਰੀ ਸਤਿਗੁਰੂ ਅਖਵਾਏ।

ਦ੍ਰਿਸ਼ ਰੂਪ ਵਿਚ ਇਹ ਪਰੰਪਰਾ ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਚਲਦੀ ਹੈ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਚੇਤਨਾ ਵਿਚ ਭਾਰਤੀ ਪਰੰਪਰਾ ਦੇ ਪਰਮ ਪੁਰਾਤਨ ਵੇਰਵੇ ਸਮਾਏ ਹੋਏ ਸਨ। ਵੈਦਿਕ ਪਰੰਪਰਾ ਦਾ ਅਤਿ ਪ੍ਰਮਾਣਿਕ ਵੇਰਵਾ 'ਹਵਨ ਯੱਗ' ਉਹਨਾਂ ਦੀ ਅਧਿਆਤਮ ਸਾਧਨਾ ਦਾ ਅਨਿੱਖੜ ਅੰਗ ਬਣਿਆ ਰਿਹਾ ਜਿਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਆਪਣੇ ਲੰਮੇ ਅਹਿਦ ਵਿਚ ਬਣਾਈ ਰਖਿਆ। ਇਸ ਲਈ ਨਾਮਧਾਰੀ ਪਰੰਪਰਾ ਤੋਂ ਬਾਹਰ ਦੇ ਕਈ ਲੋਕਾਂ ਨੂੰ ਉਹ ਪੁਰਾਤਨ ਵੈਦਿਕ ਪਰੰਪਰਾ ਦਾ ਹੀ ਆਧੁਨਿਕ ਰੂਪ ਪ੍ਰਤੀਤ ਹੁੰਦੇ ਰਹੇ। ਸਾਡੇ ਸਮਿਆਂ ਵਿਚ ਵੈਦਿਕ ਪਰੰਪਰਾ ਦੇ ਵਰੋਸਾਏ ਸ੍ਰੀ ਕੇ. ਐਮ. ਮੁਨਸ਼ੀ ਨੇ ਭੈਣੀ ਸਾਹਿਬ ਨੂੰ 'ਵੈਦਿਕ ਆਸ਼ਰਮ' ਅਤੇ 'ਸਦਗੁਰੂ' ਪ੍ਰਤਾਪ ਸਿੰਘ ਜੀ ਨੂੰ ਰਿਗ ਵੈਦਿਕ ਸੰਘਿਤਾ ਵਿਚੋਂ ਪ੍ਰਕਾਸ਼ਮਾਨ ਹੋਈ 'ਅਦਭੁਤ ਸ਼ਖਸੀਅਤ' ਕਿਹਾ। ਘਾਹ ਫੂਸ ਦੀ ਛੱਤ ਵਾਲੇ ਕੱਚੇ ਕੋਠੇ ਵਿਚ ਗੁਰਬਾਣੀ ਦਾ ਸੰਗੀਤ ਉਹਨੂੰ 'ਵੈਦਿਕ ਮੰਤਰਾਂ' ਦੇ ਉਚਾਰ ਵਾਂਗ ਪ੍ਰਤੀਤ ਹੁੰਦਾ ਹੈ ਅਤੇ ਹਵਨ ਅਗਨੀ ਦਾ ਧੂੰਆਂ ਉਹਨੂੰ ਉਹ ਮਨੁੱਖੀ ਆਤਮਾ ਵਰਗਾ ਜਾਪਦਾ ਹੈ ਜੋ 'ਬ੍ਰਹਮ ਨੂੰ ਮਿਲਣ ਲਈ ਆਕਾਸ਼ ਵਲ ਉਠ ਰਹੀ ਹੋਵੇ।' ਸਫੈਦ ਬਸਤਰ ਅਤੇ ਸਫੈਦ ਊਨੀ ਮਾਲਾ ਵੀ ਉਹਨਾਂ ਨੂੰ ਵੈਦਿਕ ਸਵੱਛਤਾ ਦਾ ਹੀ ਇਕ ਵੇਰਵਾ ਜਾਪਦਾ ਹੈ।[1] 'ਉਨ੍ਹੀਵੀਂ ਸਦੀ' ਵਿਚਕਾਰ ਹੋਂਦ ਵਿਚ ਆਏ ਇਸ ਸੰਪਰਦਾਏ ਦੀ ਚੇਤਨਾ ਅਤੇ ਰਹਿਣੀ-ਬਹਿਣੀ ਵਿਚ ਪੁਰਾਤਨ ਭਾਰਤੀ ਸਭਿਆਚਾਰ ਦੇ ਕੁਝ ਵੇਰਵੇ ਪੁਨਰ ਜੀਵਿਤ ਦਿਖਾਈ ਦੇਂਦੇ ਹਨ, ਇਹ ਸੱਚ ਕੇ. ਐਮ. ਮੁਨਸ਼ੀ ਤੋਂ ਛੁਟ ਉਹਨਾਂ ਦੇ ਕਈ ਸਮਕਾਲੀਆਂ ਨੂੰ ਵੀ ਪ੍ਰਤੀਤ ਹੋਇਆ। ਪੁਰਾਤਨ ਭਾਰਤੀਅਤਾ ਦੇ ਇਸ ਵਸਫ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੰਮੇ ਸਮੇਂ ਲਈ ਨਾ ਕੇਵਲ ਜੀਵਤ ਰਖਿਆ ਸਗੋਂ ਗੈਰ-ਨਾਮਧਾਰੀਆਂ ਪ੍ਰਤੀ ਸੰਚਾਰਿਆ ਸੀ।

ਨਾਮਧਾਰੀ ਸੰਪਰਦਾਇ ਦਾ ਇਕ ਹੋਰ ਵਸਫ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਨਿਰੰਤਰ ਉਜਾਗਰ ਹੋਇਆ ਉਹ ਹੈ ਉਹਨਾਂ ਦਾ ਗਾਊ-ਰਖਿਆ ਲਈ ਵਿਸ਼ੇਸ਼ ਉੱਦਮ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨਕਾਲ ਵਿਚ ਕੁਝ ਧਾਰਮਿਕ-ਸਾਮਾਜਿਕ ਮੂਲ ਸਥਾਪਿਤ ਹੋ ਗਏ ਸਨ ਜਿਨ੍ਹਾਂ ਦਾ ਨਿਭਾਉ ਨਾਮਧਾਰੀ ਸੰਪਰਦਾਇ ਵਿਚ ਅਜ ਦਿਨ ਤੱਕ ਹੁੰਦਾ ਆ ਰਿਹਾ ਹੈ। ਗਊ-ਰੱਖਿਆ ਵੀ ਅਜਿਹਾ ਹੀ ਧਾਰਮਿਕ-ਸਾਮਾਜਿਕ-ਰਾਜਨੀਤਿਕ ਮੁੱਲ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜ਼ਮਾਨੇ ਵਿਚ ਬੁੱਚੜਾਂ ਦੇ ਕਤਲ ਦੇ ਫਲਸਰੂਪ ਨਾਮਧਾਰੀ ਰਹਿਣੀ-ਬਹਿਣੀ ਦਾ ਇਕ ਨਵੇਕਲਾ ਵੇਰਵਾ, ਦ੍ਰਿੜ੍ਹ ਰੂਪ ਵਿਚ, ਸਥਾਪਿਤ ਹੋ ਗਿਆ। ਸਿੱਖ ਪਹਿਲਾਂ ਵੀ ਗਉ-ਰੱਖਿਅਕ ਸਨ। ਅੰਮ੍ਰਿਤਸਰ ਵਿਚ ਗਊ ਹਲਾਲ ਕਰਨ ਲਈ ਬੁੱਚੜਖਾਨਿਆਂ ਦੇ ਖੁੱਲ੍ਹਣ ਨਾਲ ਉਹ ਵੀ ਆਪਣੇ ਧਰਮ ਦੀ ਹੇਠੀ ਹੋਈ ਮਹਿਸੂਸ ਕਰਦੇ ਸਨ। ਪਰ ਗਊ-ਰੱਖਿਆ ਪ੍ਰਤੀ ਜੋ ਵਿਸ਼ੇਸ਼ ਉੱਦਮ ਨਾਮਧਾਰੀਆਂ ਨੇ ਵਿਖਾ-



Sri Satguru Jagjit Singh Ji eLibrary NamdhariElibrary@gmail.com

ਇਆ, ਉਹ ਨਵੇਕਲੇ ਬੁਧ-ਬਿਬੇਕ ਵਾਲਾ ਸੀ। ਮਲੇਰਕੋਟਲੇ ਵਿਚ ੬੬ ਨਾਮਧਾਰੀਆਂ ਹੀ ਸ਼ਹਾਦੱਤ ਗਊ-ਰੱਖਿਆ ਦੇ ਹੀ ਵਿਸ਼ੇਸ਼ ਉੱਦਮ ਦਾ ਫਲ ਸੀ। ਇਸੇ ਦੇ ਹੀ ਸਿੱਟੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਹੋਣਾ ਪਿਆ। ਉਸ ਸਮੇਂ ਗਊ-ਰੱਖਿਆ ਦਾ ਉੱਦਮ ਧਰਮ ਅਤੇ ਰਾਜਨੀਤੀ ਦੋਹਾਂ ਨਾਲ ਜੁੜਿਆ ਹੋਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਇਹ ਉੱਦਮ ਰਾਜਨੀਤਿਕ ਰੰਗਣ ਤੋਂ ਮੁਕਤ ਹੋ ਚੁਕਾ ਸੀ। ਪਰ ਧਿਆਨ ਯੋਗ ਨੁਕਤਾ ਇਹ ਹੈ ਕਿ ਗਊ-ਰੱਖਿਆ ਨਾਮਧਾਰੀ ਇਤਕਾਦ ਦਾ ਮਹੱਤਵਸ਼ਾਲੀ ਲਕਸ਼ ਬਣ ਚੁੱਕਾ ਸੀ। ਇਤਨਾ ਮਹੱਤਵਸ਼ਾਲੀ ਕਿ ਕੋਈ ਨਾਮਧਾਰੀ ਇਸਨੂੰ ਤਿਆਗਣ ਬਾਰੇ ਸੋਚ ਵੀ ਨਹੀਂ ਸਕਦਾ। ਨਾਮਧਾਰੀ ਗਊ-ਰੱਖਿਆ ਨੂੰ ਆਪਣੇ ਇਤਕਾਦ ਵਿਚੋਂ ਇਵੇਂ ਹੀ ਖਾਰਿਜ ਨਹੀਂ ਕਰ ਸਕਦਾ ਜਿਵੇਂ ਉਹ ਮਲੇਰ ਕੋਟਲੇ ਦੀ ਸ਼ਹਾਦਤ ਨੂੰ ਆਪਣੇ ਇਤਿਹਾਸ ਵਿਚੋਂ ਖਾਰਿਜ ਨਹੀਂ ਕਰ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਗਊਆਂ ਦੀ ਨਸਲ ਸੁਧਾਰਨ ਦੇ ਕੰਮ ਵਲ ਵਿਸ਼ੇਸ਼ ਧਿਆਨ ਦਿਤਾ। ਇਹ ਗਊ-ਰੱਖਿਆ ਦਾ ਵਿਹਾਰਕ ਪੱਖ ਹੈ। ਇਹ ਵੀ ਉਨ੍ਹਾਂ ਦਾ ਮਹੱਤਵਸ਼ਾਲੀ ਯੋਗਦਾਨ ਹੈ। ਪਰ ਉਨ੍ਹਾਂ ਦੇ ਗਊ ਪਿਆਰ ਦਾ ਇਸ ਤੋਂ ਵੀ ਵਧੇਰੇ ਮਹੱਤਵਸ਼ਾਲੀ ਨੁਕਤਾ ਤਾਂ ਇਹ ਹੈ ਕਿ ਉਹ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਪਾਰ ਸੀ। ਮਿਸਾਲ ਦੇ ਤੌਰ ਤੇ ਉਹ ਗਊ-ਰੱਖਿਆ ਨਾਲ ਸੰਬੰਧਿਤ ਉਸ ਸਮਾਗਮ ਵਿਚ ਵੀ ਸ਼ਾਮਲ ਹੋਏ ਜਿਨ੍ਹਾਂ ਨੂੰ ਕਰਾਉਣ ਵਾਲਿਆਂ ਨਾਲ ਉਨ੍ਹਾਂ ਦੇ ਰਾਜਨੀਤਿਕ ਮਤਭੇਦ ਸਨ। ਇਸੇ ਤਰ੍ਹਾਂ ਦਾ ਸਮਾਗਮ ਇਲਾਹਾਬਾਦ ਵਿਚ ਜਨਸੰਘ ਨੇ ਕਰਵਾਇਆ ਸੀ। ਰਾਜਨੀਤਿਕ ਪੱਧਰ ਉਪਰ ਨਾਮਧਾਰੀ ਕਾਂਗਰਸ ਦੇ ਸਾਥੀ ਸਨ। ਮਹਾਰਾਜ ਬੀਰ ਸਿੰਘ ਦੇ ਕਥਨ ਅਨੁਸਾਰ ਕਿਸੇ ਨੇ ਕਿਹਾ ਕਿ ਆਪ ਜਨਸੰਘ ਦੇ ਸਮਾਗਮ ਵਿਚ ਬੈਠੇ ਹੋ ਪੰਡਿਤ ਜਵਾਹਰ ਲਾਲ ਜੀ ਨਾਰਾਜ਼ ਨਾ ਹੋ ਜਾਣ। ਅੱਗੋਂ ਆਪ ਜੀ ਨੇ ਤੁਰੰਤ ਉੱਤਰ ਦਿਤਾ ਕਿ ਕੋਈ ਸੰਸਥਾ ਵੀ ਹੋਵੇ ਜੋ ਗਊ ਰੱਖਿਆ ਸੰਬੰਧੀ ਪ੍ਰਯਾਸ ਕਰੇ, ਮੈਂ ਉਥੇ ਜ਼ਰੂਰ ਜਾਵਾਂਗਾ, ਚਾਹੇ ਕੁਝ ਵੀ ਹੋਵੇ।[2]

ਜ਼ਾਹਰ ਹੈ ਕਿ ਗਊ-ਰੱਖਿਆ ਉਨ੍ਹਾਂ ਲਈ ਨਾ ਨਿਰੋਲ ਰਾਜਨੀਤੀ ਦਾ ਵਿਸ਼ਾ ਸੀ ਤੇ ਨਾ ਹੀ ਨਿਰੋਲ ਸੰਪਰਦਾਇਕ ਭਾਵਨਾ ਦਾ। ਇਹ ਧਰਮ ਦਾ ਉਹ ਅੰਗ ਹੈ ਕਿ ਜੋ ਅਧਿਆਮਿਕਤਾ ਨਾਲ ਇਕਮਿਕ ਹੋ ਕੇ ਹਰ ਤਰ੍ਹਾਂ ਦੇ ਤਫਰਕਿਆਂ ਤੋਂ ਪਾਰ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਨਾਮਧਾਰੀ ਸਿੰਘਾਂ ਦੀ ਗਊ-ਰੱਖਿਆ ਭਾਵਨਾ ਬਾਕੀ ਸੰਪਰਦਾਵਾਂ ਤੋਂ ਅਸਲੋਂ ਨਵੇਕਲੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੇਸ਼ਭਗਤੀ ਵੀ ਹੋਰਨਾਂ ਦੇਸ਼ਭਗਤਾਂ ਤੋਂ ਵੱਖਰੇ ਮੁਹਾਂਦਰੇ ਵਾਲੀ ਹੈ। ਸਤਿਗੁਰੂ ਰਾਮ ਸਿੰਘ ਜੀ ਜਿਸ ਨਾਮਧਾਰੀ ਲਹਿਰ ਦੇ ਮੋਢੀ ਸਨ ਉਸ ਵਿਚ ਧਰਮ ਅਤੇ ਰਾਜਨੀਤੀ ਨੂੰ ਇਕੋ ਜਿੰਨਾ ਦਖ਼ਲ ਸੀ। ਧਰਮ ਅਤੇ ਰਾਜਨੀਤੀ ਦੇ ਵਖਰੇਵੇਂ ਬਾਰੇ ਚਰਚਾ ਬਾਅਦ ਵਿਚ ਆਰੰਭ ਹੋਈ। ਮੈਂ ਪਹਿਲਾਂ ਹਿੰਦੁਸਤਾਨੀ ਹਾਂ ਤੇ ਬਾਅਦ ਵਿਚ ਹਿੰਦੂ, ਸਿੱਖ ਜਾਂ ਮੁਸਲਮਾਨ, ਇਸ ਤਰ੍ਹਾਂ ਦੀ ਵਖਰੇਵਾਂ-ਮੁਖ ਸੋਚ ਦਾ ਪ੍ਰਵੇਸ਼ ਸਤਿਗੁਰੂ ਰਾਮ ਸਿੰਘ ਜੀ ਦੀ ਸੰਜੁਗਤ ਚੇਤਨਾ ਵਿਚ ਨਹੀਂ ਸੀ। ਨਾਮਧਾਰੀ ਹੋਣਾ ਇਕੋ ਵੇਲੇ ਪ੍ਰਭੂ-ਭਗਤ ਅਤੇ ਦੇਸ਼-ਭਗਤ ਹੋਣਾ ਸੀ। ਨਾਮਧਾਰੀ ਲਹਿਰ ਧਾਰਮਿਕ ਲਹਿਰ ਹੈ ਜਿਸ ਨੇ ਭਾਰਤ ਦੇਸ਼ ਦੀਆਂ ਦੇਸੀ ਸਭਿਆਚਾਰਕ ਕਦਰਾਂ-ਕੀਮਤਾਂ ਤੇ ਜ਼ੋਰ ਦਿਤਾ ਅਤੇ ਇਸ ਵਿਚ ਦੇਸ਼ਭਗਤੀ ਦੀ ਭਾਵਨਾ ਦਾ ਆਪਮੁਹਾਰੇ ਸ਼ਾਮਿਲ ਹੋ ਜਾਣਾ ਕੁਦਰਤੀ ਹੈ। ਆਪਣੇ ਦੇਸ਼ ਦੀਆਂ ਕਦਰਾਂ-ਕੀਮਤਾਂ ਵਲ ਆਸਥਾਵਾਨ ਧਰਮ ਵਿਚ, ਦੇਸ਼ਭਗਤੀ ਦਾ ਪ੍ਰਵੇਸ਼ ਸਹਿਜੇ ਹੀ ਹੋ ਜਾਂਦਾ ਹੈ। ਗੁਰੂ ਨਾਨਕ ਨੇ ਜਿਸ ਗੁਰਮਤਿ-ਭਾਵਨਾ ਦਾ ਮੁਢ ਬੰਨ੍ਹਿਆ ਉਸ ਵਿਚ ਦੇਸੀ ਸਭਿਆਚਾਰ ਉਪਰ ਬਲ ਦੇਣ ਦਾ ਸੰਕੇਤ ਸਪੱਸ਼ਟ ਸਮਾਇਆ ਸੀ। ਇਹ ਅੰਦਰ ਅਤੇ ਬਾਹਰ ਦਾ ਸੰਜੋਗ ਹੈ, ਅਜਿਹੇ ਸੰਜੋਗ ਨਾਲ ਹੀ ਮੁਕੰਮਲ ਸ਼ਖਸੀਅਤ ਦੀ ਸਿਰਜਣਾ ਸੰਭਵ ਹੈ। ਬਾਣੀ, ਕੀਰਤਨ, ਸਿਮਰਨ, ਹਵਨ ਆਦਿ ਅਧਿਆਤਮਕ ਤੱਤਾਂ ਉਪਰ ਬਲ ਦੇਣ ਵਾਲੇ ਨਾਮਧਾਰੀ ਸੰਪਰਦਾਇ ਵਿਚ ਸਰਕਾਰੀ ਨੌਕਰੀ, ਸਰਕਾਰੀ ਵਿਦਿਅਕ ਸੰਸਥਾਵਾਂ, ਕਚਹਿਰੀਆਂ ਤੇ ਬਿਦੇਸ਼ੀ ਚੀਜ਼ਾਂ-ਵਸਤਾਂ ਦੇ ਤਿਆਗ ਉਪਰ ਵੀ ਬਲ ਸੀ। ਭਾਰਤ ਦੇ ਪ੍ਰਥਮ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਦੇ ਕਥਨ ਮੁਤਾਬਿਕ, 'ਗੁਰੂ ਰਾਮ ਸਿੰਘ ਰਾਜਨੀਤਕ ਸੁਤੰਤਰਤਾ ਨੂੰ ਧਰਮ ਦਾ ਹੀ ਹਿੱਸਾ ਮੰਨਦੇ ਸਨ।'[3] ਬਾਈਕਾਟ, ਨਾਮਿਲਵਰਤਨ ਜਾਂ ਸਤਿਆਗ੍ਰਹਿ ਜਿਸਨੂੰ ਗਾਂਧੀ ਜੀ ਨੇ ਬੜੇ ਜੋਸ਼ ਨਾਲ ਰਾਜਨੀਤਿਕ ਹਥਿਆਰਾਂ ਵਾਂਗ ਅਪਨਾਇਆ ਅਤੇ ਵਰਤਿਆ, ਉਹਨਾ ਤੋਂ ਪੰਜਾਹ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਧਾਰਮਿਕ ਅਕੀਦਾ ਬਣਾ ਲਿਆ ਸੀ, ਇਸੇ ਧਾਰਮਿਕ-ਰਾਜਨੀਤਿਕ ਸੰਜੁਗਤੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੱਧੀ ਸਦੀ ਤੋਂ ਉਪਰ ਅਰਸੇ ਤੱਕ ਆਪਣੇ ਵਿਅਕਤੀਗਤ ਜੀਵਨ ਵਿਚ ਵਸਾਇਆ ਅਤੇ ਸਰਬੱਤ ਦੇ ਪਾਲਣਜੋਗ ਮੰਨ ਕੇ ਪ੍ਰਚਾਰਿਆ ਅਤੇ ਪ੍ਰਸਾਰਿਆ।

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਦੇਸ਼-ਭਗਤੀ ਮੁਕੰਮਲ ਤੌਰ ਤੇ ਧਰਮ ਦਾ ਅੰਗ ਸੀ। ਨਾਮਧਾਰੀਆਂ ਹੱਥੀਂ ਬੁਚੜਾਂ ਦਾ ਕਤਲ, ਮਲੇਰਕੋਟਲੇ ਵਿਚ ਨਾਮਧਾਰੀਆਂ ਦੀ ਸ਼ਹਾਦਤ, ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ,



Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਉਪਰ ਪੁਲਿਸ ਦਾ ਲਗਾਤਾਰ ਪਹਿਰਾ, ਇਸ ਸਭ ਕੁਝ ਦੇ ਕਰਨਹਾਰੇ ਅਤੇ ਜਰਨਹਾਰੇ ਨਿਰੋਲ ਨਾਮਧਾਰੀ ਸਨ। ਇਹਨਾਂ ਨੂੰ ਕਿਸੇ ਪਾਸਿਓਂ ਕੋਈ ਸਮਰਥਨ ਮਿਲਿਆ ਨਜ਼ਰ ਨਹੀਂ ਆਉਂਦਾ। ਇਸ ਲਹਿਰ ਦੇ ਆਗੂ ਅਤੇ ਅਨੁਯਾਈ ਨਾਮਧਾਰੀ ਆਪ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਦੇਸ਼ਭਗਤੀ ਦਾ ਸਰੂਪ ਰਤਾ ਕੁ ਬਦਲ ਜਾਂਦਾ ਹੈ। ਓਹ ਦੇਸਭਗਤੀ ਦੀ ਮੁਹਰੈਲ ਕਾਂਗਰਸ ਦੇ ਸਹਾਇਕ ਹੋ ਜਾਂਦੇ ਹਨ। ਕਾਂਗਰਸ ਵਿਚ ਧਾਰਮਿਕਤਾ ਲਈ ਕੋਈ ਥਾਂ ਨਹੀਂ। ਇਸ ਦੇ ਕੁਝ ਆਗੂ ਅਸਲੋਂ ਧਰਮ-ਨਿਰਪੇਖ ਸਨ। ਨਾਮਧਾਰੀ ਇਸ ਲਹਿਰ ਦੇ ਸਮਰਥੱਕ ਸਨ। ਇਸ ਲਹਿਰ ਵਿਚ ਆਗੂ ਦੀ ਭੂਮਿਕਾ ਉਹਨਾਂ ਕਦੇ ਨਹੀਂ ਨਿਭਾਈ ਨਾ ਹੀ ਕਦੇ ਨਿਭਾਉਣੀ ਚਾਹੀ। ਧਰਮ-ਨਿਰਪੇਖ ਦੇਸਭਗਤ ਵੀ ਉਹਨਾਂ ਕਦੇ ਨਹੀਂ ਹੋਣਾ ਚਾਹਿਆ। ਕਾਂਗਰਸ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਦਾ ਨਵੇਕਲਾ ਰੰਗ ਹੈ। ਜੇ ਕਾਂਗਰਸ ਦੇ ਦੂਸਰੇ ਮੈਂਬਰ ਇਸ ਵਿਚ ਵਿਅਕਤੀਗਤ ਰੂਪ ਵਿਚ ਸ਼ਾਮਿਲ ਹੋਏ ਤਾਂ ਨਾਮਧਾਰੀ ਇਸ ਵਿਚ ਸਮੂਹਗਤ ਰੂਪ ਵਿਚ ਸਮਰਥੱਕ ਹੋਏ। ਲਾਹੌਰ ਕਾਂਗਰਸ (੧੯੨੯) ਨੂੰ ਕਾਮਯਾਬ ਬਨਾਉਣ ਵਿਚ ਉਹਨਾਂ ਦਾ ਬੜਾ ਉੱਘਾ ਰੋਲ ਸੀ। ਕੋਈ ਹੋਰ ਧਾਰਮਿਕ ਸੰਪਰਦਾਇ ਕਾਂਗਰਸ ਲਹਿਰ ਵਿਚ ਸਮੂਹਗਤ ਤੌਰ ਤੇ ਸ਼ਾਮਿਲ ਹੋਇਆ ਹੋਵੇ, ਇਸ ਦਾ ਕੋਈ ਸੰਕੇਤ ਕਾਂਗਰਸ ਲਹਿਰ ਦੇ ਇਤਿਹਾਸ ਵਿਚ ਨਹੀਂ ਮਿਲਦਾ।

ਸਤਹੀ ਤੌਰ ਤੇ ਤਾਂ ਇਹੋ ਦਿਸਦਾ ਹੈ ਕਿ ਨਾਮਧਾਰੀਆਂ ਨੇ ਕਾਂਗਰਸ ਨੂੰ ਸਮਰਥਨ ਦਿਤਾ, ਪਰ ਆਤਮਿਕ ਤੌਰ ਤੇ ਗੱਲ ਇਸ ਤੋਂ ਉਲਟ ਹੈ। ਬਾਈਕਾਟ, ਨਾਮਿਲਵਰਤਨ, ਸੁਦੇਸ਼ੀ ਆਦਿ ਕਾਂਗਰਸੀ ਮੁੱਦੇ ਤਾਂ ਬਹੁਤ ਪਹਿਲਾਂ ਨਾਮਧਾਰੀਆਂ ਦੁਆਰਾ ਅਪਨਾਏ ਜਾ ਚੁੱਕੇ ਸਨ। ਇਤਿਹਾਸਕ ਕਾਲਕ੍ਰਮ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਖ਼ੁਦ ਕਾਂਗਰਸ ਨਾਮਧਾਰੀ ਲਹਿਰ ਵਿਚ ਸ਼ਾਮਿਲ ਹੋਈ ਜਾਪਦੀ ਹੈ। ਜੋ ਕੁਝ ਕਾਂਗਰਸ ਨੇ ਪ੍ਰੋਗਰਾਮ ਵਾਂਗ ਅਪਨਾਇਆ, ਉਹ ਨਾਮਧਾਰੀਆਂ ਦੇ ਧਰਮ ਦਾ ਅੰਗ ਬਣ ਚੁੱਕਾ ਸੀ। ਵਤਨਪ੍ਰਸਤੀ ਅਤੇ ਆਜ਼ਾਦੀ ਉਹਨਾਂ ਦੀ ਮਾਨਸਿਕਤਾ ਵਿਚ ਧੁਰ ਡੂੰਘ ਤੱਕ ਸਮਾਏ ਹੋਏ ਸਨ।

ਮੈਂ ਉਪਰ ਕਹਿ ਚੁੱਕਾ ਹਾਂ ਕਿ ਜੰਗੇ ਆਜ਼ਾਦੀ ਦੀ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਨਵੇਕਲੇ ਮੁਹਾਂਦਰੇ ਵਾਲੀ ਸੀ। ਭਾਵੇਂ ੧੯੧੯ ਤੋਂ ਹੀ 'ਕਾਂਗਰਸ' ਅਤੇ 'ਨਾਮਧਾਰੀ' ਸਮਾਨਾਰਥੀ ਬਨ ਚੁੱਕੇ ਸਨ, ਤਾਂ ਵੀ ਉਹਨਾਂ ਦਾ ਨਵੇਕਲਾ ਅੰਦਾਜ਼ ਹਮੇਸ਼ਾਂ ਉਜਾਗਰ ਰਿਹਾ। ਗਊ-ਰੱਖਿਆ ਸੰਬੰਧੀ ਓਹਨਾਂ ਦੀ ਲਗਨ ਕਾਂਗਰਸ ਤੋਂ ਅਡਰੀ ਹੈ। ਉਹਨਾਂ ਦਾ ਦੇਸ਼ ਪਿਆਰ ਵੀ ਨਿਰੋਲ ਕਾਂਗਰਸ ਪ੍ਰਤੀ ਨਿਸ਼ਠਾ ਤੱਕ ਸੀਮਿਤ ਨਹੀਂ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਕਥਨ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਸਾਫਗੋਈ ਤੋਂ ਕੰਮ ਲਿਆ ਅਤੇ ਆਖਿਆ ਕਿ ਉਹਨਾਂ ਨੂੰ ਦੇਸ ਦੀ ਆਜ਼ਾਦੀ ਵਾਸਤੇ ਲੜ ਰਹੀ ਕਿਸੇ ਇਕ ਪਾਰਟੀ ਨਾਲ ਲਗਾਉ ਨਹੀਂ, ਉਹ ਤਾਂ ਸਾਰੇ ਦੇਸਭਗਤਾਂ ਦੇ ਹਿਤੈਸ਼ੀ ਹਨ।"[4] ਮਹਾਤਮਾ ਗਾਂਧੀ ਦੇ ਸ਼ਾਂਤਮਈ ਪ੍ਰੋਗਰਾਮ ਦੇ ਉਹ ਹਾਮੀ ਸਨ, ਪਰ "ਉਹ ਦੂਸਰੇ ਇਨਕਲਾਬੀਆਂ ਦੀ ਕਦਰ ਕਰਨੋਂ ਵੀ ਪਿਛੇ ਨਹੀਂ ਰਹਿੰਦੇ ਸਨ।"[5] ਕਾਮਰੇਡ ਸੁਰਜੀਤ ਨੇ ਸਤਿਗੁਰੂ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਨਾਮਧਾਰੀਆਂ ਦੀ ਦੇਸ਼ਭਗਤੀ ਨੂੰ ਦੇਸ-ਏਕਤਾ ਦੀ ਭਾਵਨਾ ਨਾਲ ਸੰਬੰਧਿਤ ਕੀਤਾ ਹੈ।

ਏਕਤਾ ਦੀ ਭਾਵਨਾ ਨੇ ਹੀ ਉਹਨਾਂ ਨੂੰ ਕਦੇ ਫ਼ਿਰਕੂ ਨਾ ਹੋਣ ਦਿੱਤਾ ਜਿਸਦਾ ਬੜਾ ਹੀ ਸਵੱਛ ਪ੍ਰਮਾਣ ਦੇਸ ਵੰਡ ਦੇ ਘਲੂਘਾਰੇ ਸਮੇਂ ਮਿਲਿਆ। ਉਸ ਵੇਲੇ ਦੀ ਫਿਰਕੂ ਕਤਲੋਂ ਗਾਰਤ ਤੋਂ ਉਹ ਪੂਰੀ ਤਰ੍ਹਾਂ ਅਲੱਗ-ਥਲੱਗ ਰਹੇ। ਨਾਮਧਾਰੀ ਵੀਰਾਂ ਵਿਚ ਕਿਸੇ ਕੱਲੇਕਾਰੇ ਵਿਅਕਤੀ ਦਾ ਵੀ ਅਜਿਹਾ ਉਦਾਹਰਣ ਨਹੀਂ ਮਿਲਦਾ ਜਿਸ ਨੇ ਮੁਸਲਮਾਨਾਂ ਦੇ ਕਤਲ ਜਾਂ ਲੁੱਟਮਾਰ ਵਿਚ, ਉਹਨਾਂ ਦੀ ਜਾਇਦਾਦ ਦੀ ਸਾੜਫੂਕ ਵਿਚ ਜਾਂ ਇਸਤਰੀਆਂ ਦੀ ਬੇਹੁਰਮਤੀ ਵਿਚ ਹਿੱਸਾ ਲਿਆ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਅਨੁਯਾਈਆਂ ਨੂੰ ਸਪੱਸ਼ਟ ਅਤੇ ਦ੍ਰਿੜ੍ਹ ਨਿਰਦੇਸ਼ ਦੇ ਕੇ ਇਸ ਪਾਸਿਓਂ ਹੋੜੀ ਰਖਿਆ ਸੀ। ਭਾਰਤ ਜਾਂ ਪਾਕਿਸਤਾਨ ਦਾ ਕੋਈ ਫਿਰਕਾ ਅਜੇਹਾ ਨਹੀਂ ਜੋ ਇਸ ਤਰ੍ਹਾਂ ਦੇ ਸੰਜਮ ਜਾਂ ਜ਼ਬਤ ਉਪਰ ਮਾਣ ਕਰ ਸਕੇ। ਇਸ ਸੰਬੰਧ ਵਿਚ ਕਾਮਰੇਡ ਸੋਹਨ ਸਿੰਘ ਜੋਸ਼ ਦੇ ਲਫ਼ਜ਼ਾਂ ਦਾ ਉਤਾਰਾ ਪੇਸ਼ ਕਰਨਾ ਯੋਗ ਕੀਤਾ ਹੁੰਦਾ ਹੈ:

"੧੯੪੬-੪੭ ਦੇ ਹਿੰਦੂ-ਮੁਸਲਿਮ ਫ਼ਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁੱਲ ਸਕਦੇ। ਉਹਨਾਂ ਦਿਨਾਂ ਵਿਚ ਜਾਂ ਮਹਾਰਾਜ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਕੂਕੇ ਸਨ ਜਾਂ ਕਮਿਊਨਿਸਟ ਜਿਨ੍ਹਾਂ ਨੇ ਆਪਣੇ ਸਿਰਾਂ ਤੇ ਫਿਰਕੂ ਭੂਤ ਨੂੰ ਕਦੇ ਸਵਾਰ ਨਹੀਂ ਹੋਣ ਦਿੱਤਾ। ਵੱਡੇ ਵੱਡੇ ਲੀਡਰਾਂ ਦੇ ਸਿਰਾਂ ਤੇ ਵੀ ਫ਼ਿਰਕੂ ਜਿੰਨ ਸਵਾਰ ਹੋ ਗਏ ਅਤੇ ਉਹਨਾਂ ਨੇ ਅੰਨ੍ਹੇ ਵਾਹ ਫਿਰਕੂ ਫਸਾਦਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਏਹੋ ਹੀ ਨਹੀਂ "ਸਭੇ ਸਾਂਝੀਵਾਲ ਸਦਾਇਨ" ਦਾ ਨਾਹਰਾ ਲਾਉਣ ਵਾਲੇ ਕਈ ਭੁੱਲੜ ਵੀਰ ਵੀ ਇਸ ਵਹਿਣ ਤੋਂ ਨਾ ਬਚ ਸਕੇ। ਪਰ ਮਹਾਰਾਜ ਜੀ, ਉਹਨਾਂ ਦੇ ਸਿੱਖਾਂ ਅਤੇ ਕਮਿਊਨਿਸਟਾਂ ਨੇ ਆਪਣੇ ਅਸੂਲਾਂ ਨੂੰ ਨਹੀਂ ਛੱਡਿਆ ਅਤੇ ਉਹ ਸਭ ਇਹਨਾਂ ਫ਼ਸਾਦਾਂ ਵਿਚ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲੋ ਗਏ। ਮਹਾਰਾਜ ਦੀ ਇਸ



Sri Satguru Jagjit Singh Ji eLibrary NamdhariElibrary@gmail.com

ਅਸੂਲਪ੍ਰਸਤੀ ਉਤੇ ਜਿੰਨਾ ਵੀ ਪੰਜਾਬੀ ਮਾਨ ਕਰਨ ਥੋੜ੍ਹਾ ਹੈ।"

ਗੈਰ-ਫਿਰਕੂ ਹੋ ਕੇ ਵੀ ਨਾਮਧਾਰੀ ਕਮਿਊਨਿਸਟ ਨਹੀਂ, ਗਊ-ਰੱਖਿਅਕ ਹੋ ਕੇ ਵੀ ਉਹ ਜਨਸੰਘੀ ਨਹੀਂ, ਜੰਗੇ ਆਜ਼ਾਦੀ ਵਿਚ ਕਾਂਗਰਸ ਦਾ ਸਾਥੀ ਹੋ ਕੇ ਉਹ ਕਾਂਗਰਸ ਤੱਕ ਸੀਮਤ ਨਹੀਂ, ਅਹਿੰਸਕ ਹੋ ਕੇ ਵੀ ਉਹਨਾਂ ਨੂੰ ਜੰਗੇ ਆਜ਼ਾਦੀ ਦੇ ਦਹਿਸ਼ਤਪਸੰਦਾਂ ਤੋਂ ਗੁਰੇਜ਼ ਨਹੀਂ। ਸਭ ਵਿਚ ਸ਼ਾਮਿਲ ਹੋ ਕੇ ਵੀ ਸਭ ਤੋਂ ਅਲਗ—ਇਸ ਸਭ ਕੁਝ ਉਪਰ ਧਿਆਨ ਦੇਂਦਿਆਂ ਧਰਮ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਮੁੜ ਵਿਚਾਰਨ ਦੀ ਲੋੜ ਪ੍ਰਤੀਤ ਹੁੰਦੀ ਹੈ। ਗਊ-ਰੱਖਿਆ ਜਾਂ ਜੰਗੇ-ਆਜ਼ਾਦੀ, ਕੌਮੀ ਏਕਤਾ ਜਾਂ ਫਿਰਕੂਪੁਣੇ ਤੋਂ ਅਲਹਿਦਗੀ ਨਾਮਧਾਰੀ ਹਰ ਥਾਂ ਆਪਣੇ ਧਰਮ ਦੀ ਪਾਲਣਾ ਕਰ ਰਹੇ ਸਨ। ਰਾਜਨੀਤੀ ਅਤੇ ਧਰਮ ਦਾ ਜੋ ਸਮੇਲ ਵੀਹਵੀਂ ਸਦੀ ਦੇ ਨਾਮਧਾਰੀਆਂ ਵਿਚ ਵਿਖਾਈ ਦੇਂਦਾ ਹੈ ਉਹ ਹਰ ਥਾਂ ਦੁਰਲਭ ਹੈ। ਇਸ ਸੁਮੇਲ ਦੇ ਆਗੂ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ।

### ਫੁਟ ਨੋਟ ਅਤੇ ਟਿੱਪਣੀਆਂ

1. Rebels Against The British Rule, p. 861-62.
2. ਬਡ ਪਰਤਾਪ ਸੁਨਿਓ ਪ੍ਰਭ ਤੁਮ੍ਹਰੋ ਪੰਨਾ 14।
3. Rebels Against The British Rule.
4. ਅਤੇ 5. ਬਡ ਪਰਤਾਪੁ ਸੁਨਿਓ ਪ੍ਰਭੁ ਤਮ੍ਹਰੋ, ਪੰਨਾ 97.
6. ਉਪਰੋਕਤ, ਪੰਨਾ 100.


DO YOU WANT ATTRACTIVE PRINTING :

**For Letter Pads, Bill Books, Cash Memos, Receipts, Visiting Cards, Rate Lists, Forms, Marriage Card & Titles of Books & Magazines Etc.**

Then kindly contact please :

# NAMDHARI PRINTERS

## (WARIAM PRESS)

**Ladowali Road, Opp. Jalandhar Ex-Servicemen Transport,**
**JALANDHAR-14400**

**REPUTED MANUFACTURER OF :**
**SUPERIOR QUALITY**
**SINGLE BARREL &**
**DOUBLE BARREL**
**B. L. 12 BORE**

# GUNS

**Grams : SNIPER** **Phone : 3805**

# MODERN GUN WORKS

**Opp. Industrial Estate,**
**JAMMU CANTT.**





Sri Satguru Jagjit Singh Ji eLibrary NamdhariElibrary@gmail.com

# ਪ੍ਰਕਾਸ਼ਕ-ਪ੍ਰਭੂ

—ਲਖਵਿੰਦਰ ਜੌਹਲ

ਲੇਖਕ ਅਤੇ ਪ੍ਰਕਾਸ਼ਕ ਦੇ ਸੰਬੰਧਾਂ ਦਾ ਮਸਲਾ ਪੰਜਾਬੀ ਸਾਹਿਤ ਵਿਚ ਬਹੁਤ ਗੰਭੀਰ ਮਸਲਾ ਹੈ। ਪੰਜਾਬੀ ਸਾਹਿਤ ਜਿਸਨੇ ਨਾ ਸਿਰਫ ਭਾਰਤੀ ਸਾਹਿਤ ਵਿਚ ਹੀ ਤਹਿਲਕਾ ਮਚਾ ਰਖਿਆ ਹੈ, ਸਗੋਂ ਸੰਸਾਰ ਸਾਹਿਤ ਵਿਚ ਵੀ ਆਦਰ-ਮਾਣ ਨਾਲ ਪੜ੍ਹਿਆ ਵਿਚਾਰਿਆ ਜਾਂਦਾ ਹੈ। ਪੰਜਾਬੀ ਕਹਾਣੀ ਅਤੇ ਪੰਜਾਬੀ-ਕਵਿਤਾ ਜਿਨ੍ਹਾਂ ਸਿਖਰਾਂ ਨੂੰ ਪਹੁੰਚ ਚੁੱਕੀ ਹੈ ਉਸਨੇ ਤਾਂ ਸੰਸਾਰ ਦੇ ਬਹੁਤ ਸਾਰੇ ਸਾਹਿਤ-ਸਮੀਖਿਅਕਾਂ ਨੂੰ ਚੌਂਕਾ ਦਿਤਾ ਹੈ ਅਤੇ ਢੇਰ ਸਾਰੀਆਂ ਬਦੇਸ਼ੀ ਭਾਸ਼ਾਵਾਂ ਵਿਚ ਭਾਰਤੀ ਸਾਹਿਤ ਦੇ ਅਨੁਵਾਦ ਵੀ ਹੋਏ ਹਨ ਅਤੇ ਦਰਜਨਾਂ ਬਦੇਸ਼ੀ ਯੂਨੀਵਰਸਟੀਆਂ ਵਿਚ ਪੰਜਾਬੀ ਸਾਹਿਤ ਉਤੇ ਖੋਜਕਾਰਜ ਵੀ ਹੋਏ ਹਨ। ਪਰ ਪੰਜਾਬੀ ਪ੍ਰਕਾਸ਼ਕਾਂ ਲਈ ਪੰਜਾਬੀ ਸਾਹਿਤ ਦੇ ਮਿਆਰ ਉਥੇ ਦੇ ਉਥੇ ਹੀ ਟਿਕੇ ਹੋਏ ਹਨ ਜਿਥੇ ਪੰਜਾਬੀ ਨੂੰ ਰਾਜਨੀਤਕ ਦ੍ਰਿਸ਼ਟੀ ਤੋਂ ਛੁਟਿਆਉਣ ਵਾਲੇ ਲੋਕਾਂ ਨੇ ਕਾਫ਼ੀ ਦੇਰ ਪਹਿਲਾਂ ਹੀ ਸਥਾਪਤ ਕਰ ਦਿਤੇ ਸਨ। ਪੰਜਾਬੀ ਸਾਹਿਤਕਾਰਾਂ ਨੂੰ ਉਹਨਾਂ ਦੀ ਮਿਹਨਤ ਦਾ ਵਾਜਬ ਸੇਵਾਫਲ ਦੇਣ ਦੀ ਗੱਲ ਕਰਨਾ ਤਾਂ ਇਕ ਪਾਸੇ ਰਿਹਾ ਉਹਨਾਂ ਦੀਆਂ ਰਚਨਾਵਾਂ ਕਿਤਾਬੀ ਰੂਪ ਵਿਚ ਛਾਪਣ ਦੇ ਖਰਚੇ ਵੀ ਲੇਖਕ ਕੋਲੋਂ ਹੀ ਵਸੂਲ ਕਰਨੇ ਪ੍ਰਕਾਸ਼ਕ ਆਪਣਾ ਜਮਾਂਦਰੂ ਅਧਿਕਾਰ ਸਮਝਦੇ ਹਨ ਅਤੇ ਏਨਾ ਕਰਕੇ ਵੀ ਜਿਵੇਂ ਕਿਤਾਬ ਨੂੰ ਛਾਪ ਦੇਣਾ ਉਹਨਾਂ ਕੋਲੋਂ ਬਹੁਤ ਵੱਡਾ ਅਹਿਸਾਨ ਹੈ ਲੇਖਕ ਉੱਤੇ। ਸਾਲਾਂ ਬੱਧੀ ਆਪਣੇ ਆਪ ਨਾਲ ਸੰਘਰਸ਼ ਕਰਨ ਉਪਰੰਤ ਆਪਣੇ ਖਰੜੇ ਲੈਕੇ ਵਿਚਾਰੇ ਸਾਹਿਤਕਾਰ ਪ੍ਰਕਾਸ਼ਕ-ਪ੍ਰਭੂਆਂ ਅਗੇ ਮੱਥੇ ਰਗੜਦੇ ਕਈ ਕਈ ਸਾਲ ਹੋਰ ਗੁਜ਼ਾਰ ਦਿੰਦੇ ਹਨ ਪਰ ਕੋਈ ਉਹਨਾਂ ਦੀ ਕਿਤਾਬ ਛਾਪਣ ਦੀ ਜ਼ਹਿਮਤ ਉਠਾਉਣ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਪੈਸੇ ਤਾਂ ਉਹਨਾਂ ਦੀ ਜੇਬ ਵਿਚ ਹੁੰਦੇ ਹੀ ਨਹੀਂ। ਇਮਨਦਾਰੀ ਨਾਲ ਲੇਖਣ-ਕਾਰਜ ਨੂੰ ਅਪਨਾਉਣਾ ਅਤੇ ਸਿਰਫ਼ ਲਿਖਣ ਨੂੰ ਆਪਣਾ ਕਿੱਤਾ ਬਣਾਉਣਾ ਤਾਂ ਜਿਵੇਂ ਸਾਹਿਤਕਾਰ ਲਈ ਸੁਪਨਾ ਹੈ। ਵਿਚਾਰੇ ਲੇਖਕ ਨੂੰ ਤਾਂ ਆਪਣੀ ਕਿਤਾਬ ਦਾ ਮੁੱਖ ਦੇਖਣ ਲਈ ਵੀ ਪਤਾ ਨਹੀਂ ਕਿੰਨੀ ਵਾਰ ਡੰਡੌਤ ਬੰਧਨਾ ਕਰਨੀ ਪੈਂਦੀ ਹੈ। ਫੇਰ ਕਿਤੇ ਜਾ ਕੇ ਪ੍ਰਕਾਸ਼ਕ ਦੀ ਦਇਆ ਦ੍ਰਿਸ਼ਟੀ ਪੈਂਦੀ ਹੈ ਉਸ ਵਿਚਾਰੇ ਉੱਪਰ। ਉਹ ਵੀ "ਘਾਟੇ ਵਾਲਾ ਸੌਦਾ" ਗਰਦਾਨ ਕੇ ਹੀ। ਕੀ ਇਹੋ ਜਿਹੇ ਘੁੱਪ ਹਨੇਰੇ ਵਿਚੋਂ ਨਿਕਲਣ ਦਾ ਕੋਈ ਰਾਹ ਸਾਹਿਤਕਾਰ ਨੂੰ ਲਭ ਸਕੇਗਾ? ਕੀ ਸਾਰੇ ਸਾਹਿਤਕਾਰ ਹੀ ਏਨਾ ਘਟੀਆ ਲਿਖਦੇ ਹਨ ਕਿ ਪ੍ਰਕਾਸ਼ਕ ਲਈ ਉਸਨੂੰ 'ਪੈਸੇ ਲੈ ਕੇ' ਛਾਪਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ? ਕੀ ਪੈਸੇ ਅਦਾ ਕਰਨ ਨਾਲ ਘਟੀਆ ਸਾਹਿਤ ਵਧੀਆ ਸਾਹਿਤ ਵਿਚ ਤਬਦੀਲ ਹੋ ਜਾਂਦਾ ਹੈ? ਕੀ ਸਚਮੁੱਚ ਪੰਜਾਬੀ ਸਾਹਿਤ ਨੂੰ ਪੜ੍ਹਨ ਵਾਲੇ ਪਾਠਕ ਏਨੇ ਵੀ ਨਹੀਂ ਹਨ ਕਿ ਪ੍ਰਕਾਸ਼ਕ ਦੀਆਂ ਖਰਚੇ ਕੱਢ ਕੇ ਰੋਟੀ ਰੋਜ਼ੀ ਕਮਾਉਣ ਜਿੰਨੀਆਂ ਕਿਤਾਬਾਂ ਵੀ ਨਾ ਵਿਕ ਸਕਦੀਆਂ ਹੋਣ? ਕੀ ਯੂਨੀਵਰਸਟੀਆਂ ਅਕਾਦਮੀਆਂ, ਭਾਸ਼ਾ ਵਿਭਾਗ, ਸਕੂਲ ਸਿਖਿਆ ਬੋਰਡ, ਯੂਨੀਵਰਸਟੀ ਟੈਕਸਟ ਬੁਕ ਬੋਰਡ ਅਤੇ ਹੋਰ ਸਰਕਾਰੀ ਅਤੇ ਗੈਰ-ਸਰਕਾਰੀ ਲਾਇਬਰੇਰੀਆਂ ਏਨੀਆਂ ਹੀ ਨਿਰਜਿੰਦ ਹਨ ਕਿ ਪੰਜਾਬੀ ਸਾਹਿਤ ਦੀ ਕੋਈ ਕਿਤਾਬ ਵੀ ਨਹੀਂ ਖਰੀਦਦੀਆਂ? ਸ਼ਾਇਦ ਅਜੇਹਾ ਨਹੀਂ ਹੈ। ਇਸ ਸਾਰੇ ਸੰਤਾਪ ਵਿਚ ਕਿਤੇ ਨਾ ਕਿਤੇ ਪ੍ਰਕਾਸ਼ਕ-ਪ੍ਰਭੂ ਦੀ ਬਦਨੀਤੀ ਜ਼ਰੂਰ ਹੈ ਜਿਸਦਾ ਵਿਚਾਰੇ ਲੇਖਕ ਨੂੰ ਆਭਾਸ ਨਹੀਂ ਹੋ ਰਿਹਾ ਕਿਉਂਕਿ ਉਹ ਉਥੋਂ ਤਕ ਸੋਚ ਵੀ ਨਹੀਂ ਸਕਦਾ, ਜਿਥੋਂ ਤੱਕ ਪ੍ਰਕਾਸ਼ਕ ਕਰ ਸਕਦਾ ਹੈ। ਇਕ ਨਿੱਕੀ ਜਿਹੀ ਗੱਲ ਹੈ ਕਿ ਜੇਕਰ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਛਾਪਣਾ "ਘਾਟੇ ਵਾਲਾ ਸੌਦਾ" ਹੈ ਤਾਂ ਫੇਰ ਪੰਜਾਬੀ ਵਿਚ ਕਿਤਾਬਾਂ ਛਾਪਣ ਵਾਲੇ ਪ੍ਰਕਾਸ਼ਕ ਇਹ 'ਕੌੜਾ ਘੁੱਟ' ਭਰਨ ਦਾ ਭਾਰ ਕਿਉਂ ਉਠਾ ਰਹੇ ਹਨ ਉਹ ਕੋਈ ਹੋਰ ਕੰਮ ਕਿਉਂ ਨਹੀਂ ਕਰ ਲੈਂਦੇ? ਇਹ ਮਸਲਾ ਬਹੁਤ ਗੰਭੀਰ ਹੈ ਅਤੇ ਇਸਦੀਆਂ ਗੁੰਝਲਾਂ ਬਹੁਤ ਪੇਚੀਦਾ ਹਨ। ਇਸ ਮਸਲੇ ਦੀ ਤਹਿ ਉਤੇ ਜੰਮੀ ਪਈ ਹੈ ਬੇਈਮਾਨੀ ਦੀ ਕਾਲਖ ਅਤੇ ਰਾਜਨੀਤੀ ਦੀ ਬੂਈਂ ਜਿਹੜੀ ਪੰਜਾਬੀ ਦੀਆਂ ਕਿਤਾਬਾਂ ਛਾਪਣ ਤੋਂ ਵੇਚਣ ਤੱਕ ਇਕੋ ਜਿੰਨੀ ਸੰਘਣੀ ਵੀ ਹੈ ਅਤੇ ਘਿਨਾਉਣੀ ਵੀ। ਇਸ ਜਮੂਦ ਨੂੰ ਤੋੜਨ ਦੀਆਂ ਕੋਸ਼ਿਸ਼ ਵਾਰ ਵਾਰ ਹੋਈਆਂ ਹਨ ਪਰ ਲੇਖਕ ਵਿਚਾਰੇ ਆਪ ਕੀ ਕੀ ਕਰ ਸਕਦੇ ਹਨ? ਇਹ ਕੰਮ ਤਾਂ ਕੋਈ ਸੰਸਥਾ ਹੀ ਕਰ ਸਕਦੀ ਹੈ। ਕੀ ਅਜੇਹਾ ਸੋਚਿਆ ਜਾ ਸਕਦਾ ਹੈ ਕਿ ਸਾਡੀਆਂ ਸਾਹਿਤ ਜਥੇਬੰਦੀਆਂ ਆਪਣੇ ਹੋਰ 'ਜ਼ਰੂਰੀ' ਕੰਮਾਂ ਵਿਚ ਇਕ ਕੰਮ ਚੰਗੇ ਸਾਹਿਤ ਨੂੰ ਛਾਪਣ ਅਤੇ ਵੇਚਣ ਦਾ ਵੀ ਸ਼ਾਮਲ ਕਰ ਲੈਣ? ਜੇ ਕਿਤੇ ਅਜੇਹਾ ਹੋ ਜਾਵੇ ਤਾਂ ਸੱਚੀਂ-ਮੁੱਚੀਂ ਪੰਜਾਬੀ ਸਾਹਿਤ ਦਾ ਕੁਝ ਸੌਰ ਸਕੇਗਾ?

੨੦/੭੫ ਗਾਰਡਨ ਕਲੋਨੀ, ਜਲੰਧਰ



Sri Satguru Jagjit Singh Ji eLibrary NamdhariElibrary@gmail.com

https://archive.org/details/namdhari




ਹ ਜ਼ਿਰ-ਗ਼ੈਰ-ਹਾਜ਼ਿਰ

# ਸ. ਸ. ਮੀਸ਼ਾ

—ਸਵਿਤੋਜ—

ਸ. ਸ. ਮੀਸ਼ਾ ਇਕ ਆਰੰਭ ਇਕ ਅੰਤ। ਇਕ ਅੰਤ ਦਾ ਆਰੰਭ। ਇਕ ਆਰੰਭ ਦਾ ਅੰਤ। ਅੰਤ ਤੋਂ ਆਰੰਭ ਤੱਕ। ਆਰੰਭ ਤੋਂ ਅੰਤ ਤੱਕ ਉਹ ਤੁਰਦਾ ਤੁਰਦਾ ਥੱਕ ਗਿਆ। ਥੱਕ ਕੇ ਖੜ ਗਿਆ। ਖੜਾ ਖੜਾ ਤੁਰਦਾ ਰਿਹਾ ਤੇ ਆਖ਼ਰ ਤੁਰ ਗਿਆ।

ਮੀਸ਼ਾ ਪੰਜਾਬੀ ਸਾਹਿੱਤ ਦੇ ਕਾਵਿ-ਸਫ਼ਰ ਦੇ ਰਾਹ ਵਿਚ ਪੈਂਦਾ ਇਕ ਅਜਿਹਾ ਮੋੜ ਹੈ, ਜਿਥੇ ਖੜ ਕੇ ਤੁਸੀਂ ਬਹੁਤ ਅਜਬ ਅਨੋਖੇ ਦ੍ਰਿਸ਼ ਵੇਖ ਸਕਦੇ ਹੋ। ਹੈਰਾਨ ਪ੍ਰੇਸ਼ਾਨ ਹੋ ਸਕਦੇ ਹੋ। ਆਨੰਦ ਮਾਣ ਸਕਦੇ ਹੋ। ਕਮਾਲ ਹੈ ਆਖ ਸਕਦੇ ਹੋ। ਇਸ ਮੋੜ 'ਤੇ ਕੁਝ ਚਿਰ ਰੁੱਕਣਾ ਜ਼ਰੂਰੀ ਬਹੁਤ ਹੈ। ਨਹੀਂ ਤਾਂ ਸਫ਼ਰ ਅਧੂਰਾ ਰਹੇਗਾ। ਸਫ਼ਰ ਦਾ ਮਜ਼ਾ ਜਾਂਦਾ ਰਹੇਗਾ। ਸਫ਼ਰ ਦਾ ਆਗਾਜ਼ ਜੇ ਕਿਸੇ ਚੁਰਸੱਤੇ ਤੋਂ ਹੋਵੇ ਤਾਂ ਕੈਸਾ ਰਹੇ ?

ਚੌਹੀਂ ਪਾਸੀਂ ਰਾਤ ਅੰਨੀ ਸੀਤ ਹੈ
ਕਿਤਨਾ ਔਖਾ ਹੈ ਚੁਰੱਸਤਾ ਛੱਡਣਾ

... ... ...

ਚੌਕ ਦੀ ਮਰੀਅਲ ਜਿਹੀ ਬੱਤੀ
ਕਿਸੇ ਨੂੰ ਕੀ ਵਿਖਾ ਸਕਦੀ ਏ ਰਾਹ

... ... ...

ਨਾ ਸਹੀ ਕੋਈ ਉਮੀਦ
ਪਰ ਕੋਈ ਹੀਲਾ ਤਾਂ ਕਰ।

ਇੰਜ ਸੋਚਦਿਆਂ ਦਿਨ ਚੜ੍ਹਿਆ ਹੈ :

ਅਗਲੇ ਮੋੜ ਤੇ ਵਾਕਫ਼ ਬੰਦਿਆਂ ਨੇ ਮਿਲ ਜਾਣਾ

... ... ...

ਜਿੰਦੜੀ ਅੱਗੇ ਇਕਲਾਪੇ ਦਾ
ਬੰਜਰ ਮਾਰੂਥਲ ਵਿਛਿਆ ਹੈ।

Sri Satguru Jagjit Singh Ji eLibrary  NamdhariElibrary@gmail.com

ਇਕਲਾਪੇ ਦੇ ਮਾਰੂਥਲ 'ਚ ਫੈਲੀ ਚੁੱਪ ਨੂੰ ਤੋੜਣ ਦਾ ਹੀਲਾ ਕਰਦਿਆਂ ਇਹ ਦਸਤਕ ਦਿੰਦਾ ਹੈ :

ਕੀ ਕਰਦੇ ਹੋ
ਬਾਹਰ ਦੀ ਧੁੱਪ ਤੋਂ ਡਰਦੇ ਹੋ
ਅੰਦਰ ਦੀ ਚੁੱਪ ਤੋਂ ਡਰਦੇ ਹੋ
ਆਪਣੇ ਪਾਲੇ ਵਿਚ ਠਰਦੇ ਹੋ
ਬੂਹਾ ਖੋਲੋ
ਬਾਹਰ ਆਓ
ਨਹੀਂ ਦਰਵਾਜ਼ਾ ਤੋੜ ਦਿਆਂਗੇ ।

ਜੇ ਤੁਸੀਂ ਬਾਹਰ ਆਓਗੇ ਤਾਂ ਉਹ ਕਹੇਗਾ ।

ਸੋਚਦਾਂ ਆਰੰਭ ਕੀ ਹੈ ?
ਸੋਚਦਾਂ ਆਰੰਭ ਹੈ ਵੀ ?
... ... ...
ਆਪਣੇ ਲਫ਼ਜ਼ਾਂ 'ਚ ਕੋਈ ਅਰਥ ਭਰਨਾ ਹੈ ਅਜੇ
... ... ...
ਮੈਂ ਕੋਈ ਆਰੰਭ ਕਰਨਾ ਹੈ ਅਜੇ
ਹੌਂਸਲੇ ਵਾਲਾ
ਬਹੁਤ ਬਲਵਾਨ ਹਾਂ ਯੋਧਾ ਬੜਾ
ਪਰ ਅਜੇ ਤੱਕ
ਆਪਣੇ ਘਰ ਦੀ ਸਰਦਲ ਤੇ ਖੜਾ
ਮੈਂ ਤਾਂ ਪਹਿਲਾ ਕਦਮ ਭਰਨਾ ਹੈ ਅਜੇ ।
ਇਸ ਮਹਾਂਸਾਗਰ 'ਚ ਇਕ ਤੂਫ਼ਾਨ ਤਰਨਾ ਹੈ ਅਜੇ
ਮੈਂ ਕੋਈ ਆਰੰਭ ਕਰਨਾ ਹੈ ਅਜੇ ।

ਮਾਰੂਥਲ ਤੋਂ ਮਹਾਂਸਾਗਰ ਤੱਕ । ਚੁਰਸਤੇ ਤੋਂ ਦਸਤਕ ਤਕ । ਤੁਸੀਂ ਜੇ ਹੁੰਗਾਰਾ ਨਾ ਵੀ ਭਰਿਆ ਤਾਂ ਵੀ ਕੋਈ ਗੱਲ ਨਹੀਂ । ਕੱਚ ਦੇ ਵਸਤਰਾਂ ਵਾਲੇ ਨੇ ਤਾਂ ਸੀਤ ਲਹਿਰ ਦੀ ਖ਼ਬਰ ਦੇਣੀ ਹੈ, ਸਫ਼ਰ ਮੁਲਤਵੀ ਨਹੀਂ :

ਇਸ ਮੌਸਮ ਵਿਚ
ਆਪੋ ਆਪਣੇ ਘਰ ਦੇ
ਕਰਕੇ ਬੰਦ ਬਾਰੀਆਂ ਬੂਹੇ
ਖਿੱਚਕੇ ਪਰਦੇ
ਅੰਦਰ ਵੜ ਕੇ ਬੈਠੋ ।
ਆਪਣੀ ਆਪਣੀ ਸੋਚੇ ਕਾਂਗੜੀ ਮਘਦੀ ਰੱਖੋ ।

ਤੇ ਉਹ ਜਗਿਆਸੂ ਬਣ ਤੁਰੇਗਾ :—

ਮੈਂ ਦਿਸ਼ਾਰਾ ਹਾਂ
ਸਮੇਂ ਦੀ ਬੇਬਸੀ ਦਾ
ਜੋ ਇਸ਼ਾਵਾਂ ਤੇ ਗੁਫਾਵਾਂ ਦੇ ਭੁਲਾਵੀਂ ਭਟਕਿਆਂ ਹਾਂ
ਤੇ ਖ਼ਲਾਅ ਨੂੰ ਖਟਕਿਆਂ ਹਾਂ
ਮੇਰੇ ਇਕਲਾਪੇ ਨੂੰ ਮਿਲਿਆ ਨਾ ਹੁੰਗਾਰਾ ।

ਤੁਸੀਂ ਬਸ ਚੁੱਪਚਾਪ ਤੁਰਦੇ ਰਹੋ ਹੁੰਗਾਰੇ ਬਿਨਾਂ । ਇਸ ਮੋੜ ਤੋਂ ਅਗਲੇ ਮੋੜ ਤਕ ਮੀਲ ਪੱਥਰ ਜਿਹਾ ਜੋ ਨਜ਼ਰ ਆਏਗਾ । ਉਹ ਮੰਜ਼ਿਲ ਦਾ ਪਤਾ ਨਹੀਂ ਦਸ ਪਾਏਗਾ । ਮੁੜ ਮੁੜ ਇਹੋ ਦੁਹਰਾਏਗਾ : ਮੀਲ ਪੱਥਰ ਦਰ ਮੀਲ ਪੱਥਰ :

ਸ਼ੁਕਰ ਹੈ ਮੰਜ਼ਿਲ ਨਹੀਂ ਇਕ ਥਾਂ ਖੜੀ
ਨਹੀਂ ਤਾਂ ਪੈ ਜਾਣੀ ਇਕ ਮੁਸ਼ਕਿਲ ਬੜੀ
ਏਸ ਸ਼ੌਲੇ ਨੇ ਸਦਾ ਸੀ ਭਟਕਣਾ
ਪਾ ਕੇ ਮੰਜ਼ਿਲ ਜੀ ਨਹੀਂ ਸੀ ਪਰਚਣਾ
ਅੱਗੇ ਅੱਗੇ ਵਧ ਰਹੇ ਜਿਉਂ ਜਿਉਂ ਕਦਮ
ਪਿੱਛੇ ਪਿੱਛੇ ਹਟ ਰਹੀ ਹੈ ਹਰ ਘੜੀ
ਸ਼ੁਕਰ ਹੈ ਮੰਜ਼ਿਲ ਨਹੀਂ ਇਕ ਥਾਂ ਖੜੀ

ਮੰਜ਼ਿਲ ਦੀ ਥਾਵੇਂ ਮੀਸ਼ਾ ਖੜਾ ਮਿਲੇਗਾ । ਉਸ ਨੂੰ ਮਿਲਦਿਆਂ ਤੁਹਾਨੂੰ ਲੱਗੇਗਾ ਤੁਸੀਂ ਸੂਰਜ ਦੇ ਐਨ ਕੋਲ ਖੜੇ ਹੋ । ਓਦਰੀ ਧੁੱਪ ਵਾਲੇ ਸੂਰਜ ਦੇ ਕੋਲ । ਉਹ ਤੁਹਾਡੇ ਨਾਲ ਹੱਥ ਮਿਲਾਏਗਾ । ਗੱਲਾਂ ਕਰੇਗਾ ਚਾਕਰੀ ਦੀਆਂ ਗੱਲਾਂ ਵੀ :

ਆਗਿਆਕਾਰ
ਕਾਰ ਵਿਚ ਬੱਝੇ
ਆਪਣੀ ਕਾਰ ਉਲੰਘ ਨਹੀਂ ਸਕਦੇ
ਸਾਡੀ ਕੋਈ ਆਬ ਨਹੀਂ ਹੈ
ਤਾਬ ਨਹੀਂ ਹੈ
ਮਾਣਸ ਜਨਮ ਅਮੋਲਕ ਹੀਰਾ
ਚੱਟ ਕੇ ਆਪਾਂ
ਆਪਣਾ ਅਸਲ ਮੁਕਾ ਬੈਠੇ ਹਾਂ
ਆਪਣਾ ਕੋਈ
ਆਪਣੇ ਉੱਤੇ ਹੱਕ ਨਹੀਂ ਚਲਦਾ
ਜ਼ੋਰ ਨਹੀਂ ਹੈ
ਕੌਡਾਂ ਭਾੜੇ
ਦੇਹ ਦੀ ਮਿੱਟੀ ਵੇਚ ਲਈ ਹੈ
ਤੇ ਆਉਂਦੇ ਸਾਹਾਂ ਨੂੰ ਗਹਿਣੇ ਪਾ ਬੈਠੇ ਹਾਂ
ਏਦੂੰ ਗੱਲੋਂ
ਸਾਡੇ ਨਾਲੋਂ ਪੰਛੀ ਚੰਗੇ ।

ਸਾਹਾਂ ਨੂੰ ਗਹਿਣੇ ਪਾਉਣ ਦੀਆਂ ਗੱਲਾਂ । ਅਮੋਲ ਹੀਰੇ ਦੇ ਕੌਡਾਂ ਭਾਅ ਵਿਕਣ ਦੀਆ ਗੱਲਾਂ । ਨਿਰੀਆਂ ਦਿ ਚਸਪ ਨਹੀਂ ! ਉਂਞ ਚਾਕਰੀ ਜਾਂ ਰੁਜ਼ਗਾਰ ਦੀਆਂ ਗੱਲਾਂ ਭਲਾ ਕਿਸ ਦੀ ਦਿਲਚਸਪੀ ਨਹੀਂ ਹੁੰਦੀ । ਜ਼ਿੰਦਗੀ ਕਿਸ ਦੀ ਦਿਲਚਸਪੀ ਨਹੀਂ ਹੁੰਦੀ :

ਆਗਿਆਕਾਰ ਬੜੇ ਹਾਂ ਯਾਰੋ

Sri Satguru Jagjit Singh Ji eLibrary NamdhariElibrary@gmail.com

ਜ਼ਿੰਦੜੀ ਦੇ ਅਹਿਸਾਸ ਅਸਾਂ ਨੇ
ਘੜੀ ਦੀਆਂ ਸੂਈਆਂ ਦੀ ਹਰਕਤ
ਦੇ ਵਿਚ ਤੂੜ ਕੇ ਬੰਨ ਦਿੱਤੇ ਹਨ

ਚਾਕਰੀ ਦੇ ਚੱਕਰ 'ਚ ਉਲਝਿਆ ਉਹ ਤੁਰਦਾ ਰਿਹਾ, ਝੁਰਦਾ ਰਿਹਾ ਤੇ ਕਹਿੰਦਾ ਰਿਹਾ :

ਨਾ ਇੱਛਾ
ਨਾ ਆਸ਼ਾ ਮੇਰੀ
ਤਿਖਿਆਂ ਕੋਨਿਆਂ ਵਾਲਾ
ਰੰਗਹੀਣ ਕੱਚ ਦਾ ਟੁਕੜਾ ਹਾਂ
... ... ...
ਚਾਹੇ ਮੈਨੂੰ
ਪੱਥਰ ਤੇ ਪਟਕਾ ਕੇ ਮਾਰੋ
ਪੁਰਜ਼ਾ ਪੁਰਜ਼ਾ ਹੋ ਜਾਵਾਂਗਾ
ਪਰ ਮੇਰੇ 'ਚੋਂ
ਕੋਈ ਰੰਗ ਨਹੀਂ ਲਭੇਗਾ।

ਪ੍ਰਿਜ਼ਮ ਵਾਲਾ ਮੀਸ਼ਾ ਰੰਗਹੀਣ ਨਹੀਂ। ਰੰਗ-ਬਿਰੰਗਾ ਵੀ ਨਹੀਂ। ਤਿਰੰਗਾ ਵੀ ਨਹੀਂ। ਇਕ ਰੰਗਾ ਹੈ, ਮਿੱਟੀ ਰੰਗਾ। ਪ੍ਰਿਜ਼ਮ ਸ਼ੋਰਾ ਨਹੀਂ ਚਿੰਤਨ ਹੈ ਮਾਧਿਅਮ ਬਣੇ ਮਨੁੱਖ ਦੀ ਹੋਣੀ ਹੈ :

ਮਿੱਟੀ ਨੇ ਮਿੱਟੀ ਰਲ ਜਾਣਾ
ਤੇ ਮਨ ਸੋਚੇ
ਜੂਨ ਗਵਾਈ
ਕਾਹਦੇ ਬਦਲੇ

"ਲੇਖਕ ਦੀ ਸੁਹਿਰਦਤਾ ਨੂੰ ਉਸਦੀ ਲਿਖਤ ਤੋਂ ਬਾਹਰ ਢੂੰਡਣਾ ਹੀ ਗ਼ੈਰ-ਅਦਬੀ ਕੰਮ ਹੈ" ਮੀਸ਼ਾ ਆਪਣੇ ਕਾਵਿ-ਸਫ਼ਰ ਵਿਚ ਥਾਂ ਕੁ ਥਾਂ ਹਾਜ਼ਿਰ-ਗ਼ੈਰ-ਹਾਜ਼ਿਰ ਪਰ ਵਿਅੰਗ ਹਰ ਥਾਂ ਹਾਜ਼ਿਰ ਆਪਣੇ ਆਪ 'ਤੇ :

ਦਸਿਆ ਮੁਸਾਫ਼ਿਰਾਂ ਨੂੰ ਹੈ ਮੰਜ਼ਿਲ ਦਾ ਫ਼ਾਸਲਾ
ਮੰਨਿਆ ਕਿ ਮੀਲ ਵਾਂਗ ਇਕ ਥਾਂ ਖੜੇ ਰਹੇ।

ਮੀਲ-ਪੱਥਰ ਭਾਵੇਂ ਤੁਰ ਨਹੀਂ ਸਕਦੇ ਪਰ ਮੰਜ਼ਿਲ ਦੀ ਨਿਸ਼ਾਨਦੇਹੀ ਤਾਂ ਕਰਦੇ ਨੇ। ਮੀਸ਼ਾ ਨੂੰ ਮੀਲ ਪੱਥਰ ਹੋਣ ਦੀ ਖੁਸ਼ੀ ਨਹੀਂ ਸੀ ਖੜੇ ਰਹਿਣ ਦਾ ਤੇ ਅਗੇ ਨਾ ਤੁਰ ਸਕਣ ਦਾ ਅਹਿਸਾਸ ਬਹੁਤ ਵੱਡਾ ਤੇ ਬਹੁਤ ਬੁਰਾ ਅਹਿਸਾਸ ਸੀ ਪਛਤਾਵੇ ਜਿਹਾ :

ਅੱਗੇ ਤੁਰਿਆ ਨਾ ਜਾਏ ਪਿੱਛੇ ਪਰਤਿਆ ਨਾ ਜਾਏ
ਕਿਨ੍ਹਾਂ ਰਾਹਾਂ ਉੱਤੇ ਆਏ ਤੇਰੇ ਲਾਰਿਆਂ ਦੇ ਨਲ

ਸ਼ਬਦ-ਸੰਸਾਰ ਦੇ ਚੱਕਰਵਿਊ ਵਿਚ ਘਿਰਿਆ ਇਕ ਸ਼ਾਇਰ, ਸਭਿਅਕ-ਸੰਸਾਰ ਦੇ ਚੱਕਰਵਿਊ ਵਿਚ ਘਿਰਿਆ ਇਕ ਮਨੁੱਖ ਸ. ਸ. ਮੀਸ਼ਾ। ਚਾਕਰੀ ਦੇ ਚੱਕਰ ਵਾਂਗ ਮੀਸ਼ਾ-ਕਾਵਿ ਦਾ ਵੀ ਆਪਣਾ ਹੀ ਇਕ ਚੱਕਰ ਰਿਹਾ। ਕਵੀ ਤੇ ਕਵਿਤਾ ਦੁਖਾਂਤ-ਦਵਾਰ ਤਕ ਉਸੇ ਚੱਕਰ ਅੰਦਰ ਘੁੰਮਦੇ ਰਹੇ। ਘੁੰਮਦੇ ਘੁੰਮਦੇ ਰੁਕ ਗਏ ਤੇ ਆਖਰ ਮੁੱਕ ਗਏ :

ਹੁਣ ਤੇਰੀ ਮਹਿਫ਼ਿਲ ਵਿਚ
ਸਾਡਾ ਜੀ ਨਹੀਂ ਲਗਦਾ
ਗਿਲੇ ਭਿਜੇ ਕਪੜੇ ਲੈ ਕੇ
ਕਿੱਥੇ ਬਹੀਏ
ਕਿਸਨੂੰ ਕਹੀਏ
ਉਹ ਤਰਤੀਬ ਨਹੀਂ ਬੈਠਕ ਦੀ
ਕਿਉਂ ਮਹਿਫ਼ਿਲ ਵਿਚ ਭਿੱਜ ਨਾ ਹੋਵੇ
ਬਦਲ ਗਏ ਆਦਾਬ
ਕਿ ਅਸੀਂ ਗਵਾ ਬੈਠੇ ਹਾਂ।
ਬਧੇ ਰੁੱਧੇ
ਜਿਵੇਂ ਸ਼ਰਮ ਦੇ ਕੈਦੀ ਹੋ ਕੇ
ਦੋ ਪਲ ਬਹਿ ਕੇ ਤੁਰ ਚੱਲੇ ਹਾਂ
ਅੰਦਰੋ ਅੰਦਰੀ ਜੀ ਰੋਇਆ ਹੈ
ਜਾਂਦੀ ਵਾਰੀ
ਸੋਚ ਰਹੇ ਹਾਂ
ਸਾਡੇ ਦਿਲ ਨੂੰ
ਜਾਂ ਮਹਿਫ਼ਿਲ ਨੂੰ
ਕੀ ਹੋਇਆ ਹੈ।

ਮੀਸ਼ਾ ਨਾਲ ਮੌਸਮ ਮਹਿਕਦਾ ਸੀ। ਮੀਸ਼ਾ ਬਿਨ ਮੌਸਮ ਉਦਾਸ ਹੈ। ਸ਼ਾਇਦ ਸਫ਼ਰ ਇੰਜ ਵੀ ਮੁਕਦਾ ਹੈ।

809/3 ਹਾਊਸਿੰਗ ਬੋਰਡ ਕਾਲੋਨੀ,
ਨੇੜੇ ਮਾਡਲ ਟਾਊਨ ਜਲੰਧਰ—3

Manufacturers of :
Solvent Extraction Plant
and Cattle Feed Plant Accessories

**Matharu Engineering Works**

**Sultanpur Road,**
**Near Charbatti Chowk,**
**KAPURTHALA.**
**P.O. Box No. 64,**
Phone : 2027
Partner-S. Swaran Singh Matharu


Sri Satguru Jagjit Singh Ji eLibrary NamdhariElibrary@gmail.com

ਨਜ਼ਮ

# ਬੇਵਸੀ

—ਸੁਖਜੀਤ—

ਗੱਲ ਇਹ ਨਹੀਂ ਦੋਸਤੋ
ਕਿ ਨਜ਼ਮ ਲਿਖਣਾ ਸ਼ੌਕ ਹੈ ਕੋਈ
ਨਜ਼ਮ ਤਾਂ ਹੁਣ ਬੜਾ ਤੰਗ ਕਰਦੀ ਹੈ
ਨਜ਼ਮ ਸਹਿਜ ਭਾ ਚਲਦੀ ਵਾ ਵਾਂਗੂੰ ਨਹੀਂ
ਤੇਜ਼ ਹਨੇਰੀ ਵਾਗਰਾਂ ਆਉਂਦੀ ਹੈ
ਮਨ ਦੇ ਬੂਹੇ ਤੇ ਬਿਨਾਂ ਦਸਤਕ ਦਿਤਿਆਂ
ਚੰਦਰੀ, ਧੁੱਸ ਦੇ ਕੇ ਲੰਘ ਆਉਂਦੀ ਹੈ
ਬੜਾ ਸ਼ੋਰ ਪਾਉਂਦੀ ਹੈ
ਝੰਜੋੜ ਕੇ ਜਗਾ ਲੈਂਦੀ ਹੈ
ਤੇ ਢਾਕਾਂ ਤੇ ਹੱਥ ਰੱਖ,
ਮੇਰੀਆਂ ਅੱਖਾਂ 'ਚ ਅੱਖਾਂ ਪਾ,
ਆਖਦੀ ਹੈ,
"ਚੱਲ ਸੁਖਜੀਤ, ਮੈਨੂੰ ਕਾਗਜ਼ ਤੇ ਉਤਾਰ"
ਪਰ ਮੈਥੋਂ ਹੁਣ,
ਨਜ਼ਮ ਦਾ ਸਵਾਗਤ ਖਿੜੇ ਮੱਥੇ ਨਹੀਂ ਹੁੰਦਾ
ਮੈਂ ਕਤਰਾਉਂਦਾ ਹਾਂ
ਨਜ਼ਮ ਨੂੰ ਗੁੱਸਾ ਆਉਂਦਾ ਹੈ
ਉਹ ਲਾਹਣਤਾਂ ਪਾਉਂਦੀ ਤੇ ਮੇਰਾ ਮੂੰਹ ਚਿੜਾਉਂਦੀ ਹੈ
ਸੱਚ ਜਾਣਿਓ.
ਮੈਨੂੰ ਨਜ਼ਮ ਤੋਂ ਡਰ ਲੱਗਦਾ ਹੈ
ਦੋਸਤੋ ਨਜ਼ਮ ਹੁਣ,
ਗਹਿਣਿਆਂ-ਲੱਦੀ ਸ਼ਰਮਾਕਲ ਮੁਟਿਆਰ ਨਹੀਂ
ਜੋ ਸਿਰਫ ਕੂਲਾ ਕੂਲਾ ਤੱਕਦੀ ਹੈ
ਨਜ਼ਮ ਤਾਂ ਹੁਣ
ਖਿੰਡਰੇ ਵਾਲੀਂ ਲੰਗਾਰ ਪਾਈ ਖੜੀ
ਕੋਈ ਵਹਿਸ਼ੀ ਕੁੜੀ ਹੈ
ਜੋ ਮੈਨੂੰ ਲਗਾਤਾਰ ਘੂਰਦੀ ਹੈ
ਨਜ਼ਮ ਹੁਣ ਪਹਿਲੀ ਚੁੰਮੀ ਹੀ ਨਹੀਂ
ਜਬਰ-ਜਿਨਾਹ ਵੇਲੇ ਦੀ ਖ਼ਤਰਨਾਕ ਚੀਖ਼ ਵੀ ਹੈ
ਨਜ਼ਮ ਮਾਸ਼ੂਕ ਦੇ ਵਾਲਾਂ 'ਚ ਟੁੰਗਿਆਂ ਫੁੱਲ ਹੀ ਨਹੀਂ
ਨਜ਼ਮ ਛਾਤੀ ਦੇ 'ਖੱਬੇ' ਪਾਸੇ ਪੁੜ ਗਈ ਸੂਲ ਹੈ
ਨਜ਼ਮ ਜੁੱਤੀ 'ਚ ਉੱਭਰ ਆਈ ਮੇਖ ਹੈ
ਨਜ਼ਮ ਅੱਧੇ ਸਿਰ 'ਚ ਪੈਂਦੀ ਤਰਾਟ ਹੈ,
ਉਹ ਵੇਲੇ ਹੋਰ ਸਨ, ਦੋਸਤੋ,
ਜਦੋਂ ਕਿਸੇ ਦੀ ਵੀ ਖ਼ੂਬਸੂਰਤ ਨਜ਼ਮ ਤੇ
ਆਪਣਾ ਨਾਂ ਲਿਖਣ ਨੂੰ ਜੀਅ ਕਰ ਆਉਂਦਾ ਸੀ
ਹੁਣ ਤਾਂ ਆਪਣੀ ਨਜ਼ਮ ਤੇ ਵੀ
ਆਪਣਾ ਨਾਂ ਲਿਖਦਿਆਂ ਡਰ ਆਉਂਦਾ ਹੈ
ਬੀਵੀ ਦੀਆਂ ਅੱਖਾਂ 'ਚ ਉਗਿਆ ਡਰ ਵੇਖ
ਬੱਚਿਆਂ ਦੇ ਤੋਤਲੇ ਬੋਲ ਸੁਣਦਿਆਂ
ਫਿਰ ਇਹਨਾਂ ਦੇ ਭਵਿਖ ਨੂੰ ਸੋਚਦਿਆਂ
ਬੜਾ ਡਰ ਆਉਂਦਾ ਹੈ
ਕੋਸ਼ਿਸ਼ ਬੜੀ ਕਰਦਾ ਹਾਂ
ਨਜ਼ਮ ਤੋਂ ਖਹਿੜਾ ਛੁਡਾਉਣ ਦੀ
ਪਰ ਨਜ਼ਮ ਚੰਦਰੀ
ਮਨ ਦੇ ਬੂਹੇ ਤੇ ਦਸਤਕ ਦਿਤੇ ਬਿਨਾਂ
ਧੁੱਸ ਦੇ ਕੇ ਲੰਘ ਆਉਂਦੀ ਹੈ
ਦਲੀਲਾਂ ਦੇ-ਦੇ ਸਮਝਾਉਂਦੀ ਹੈ
ਇਤਿਹਾਸ ਦੇ ਹਵਾਲੇ ਦਿੰਦੀ
ਦਰਦਾਂ ਦੇ ਅਰਥ ਕਰਦੀ
ਦਲੇਰੀ ਦੇ ਕਿੱਸੇ ਸੁਣਾਉਂਦੀ ਹੈ
ਮੇਰਾ ਕਾਂਬਾ ਹਟਾਉਂਦੀ ਹੈ
ਇਸ ਤਰ੍ਹਾਂ ਮੈਨੂੰ ਗੱਲੀਂ ਲਾ
ਉਂਗਲੀ ਫੜ ਤੋਰ ਲੈਂਦੀ ਹੈ,
ਤੇ ਆਪੇ ਹੀ ਕਾਗਜ਼ ਤੇ ਉਤਰ ਆਉਂਦੀ ਹੈ,
ਹਾਂ, ਆਪੇ ਹੀ ਕਾਗਜ਼ ਤੇ ਉਤਰ ਆਉਂਦੀ ਹੈ...

ਪਿੰਡ—ਮਾਣੇਵਾਲ
ਡਾਕ—ਮਾਛੀਵਾੜਾ (੧੪੧੧੫)
ਜ਼ਿਲਾ—ਲੁਧਿਆਣਾ


Sri Satguru Jagjit Singh Ji eLibrary NamdhariElibrary@gmail.com

## ਦੋ ਗ਼ਜ਼ਲਾਂ

—ਕ੍ਰਿਸ਼ਨ ਭਨੋਟ—

ਸੈਂਕੜੇ ਦਰਦ ਜਗਾ ਕੇ ਸਦਾ ਆਉਂਦੀ ਹੈ,
ਸੁੱਖ ਹੱਥੀ ਵੀ ਕੋਈ ਯਾਦ ਭਲਾ ਆਉਂਦੀ ਹੈ।

ਕੀ ਕਰਾਂ ਵਾਰ ਮੈਂ ਉਸ ਤੇ ਕਿ ਹਿਯਾ ਆਉਂਦੀ ਹੈ,
ਐਨਾ ਕਮਜ਼ੋਰ ਹੈ ਦੁਸ਼ਮਣ ਕਿ ਦਿਯਾ ਆਉਂਦੀ ਹੈ।

ਮੈਂ ਜ਼ਮਾਨੇ ਦੇ ਡਰੋਂ ਸੱਚ ਨ ਕਹਾਂ ਨਾ ਮੁਮਕਿਨ,
ਆਉਣ ਦੇਵੋ ਜੁ ਮਿਰੇ ਸਿਰ ਤੇ ਬਲਾ ਆਉਂਦੀ ਹੈ।

ਗ਼ਮ ਨ ਕਰ ਯਾਰ ਜ਼ਰਾ ਵੀ ਕਿ ਖਿਜ਼ਾਂ ਜਦ ਆਉਂਦੀ,
ਇਕ ਸੁਨੇਹਾ ਇਹ ਬਹਾਰਾਂ ਨੂੰ ਪੁਚਾ ਆਉਂਦੀ ਹੈ।

ਠੀਕ ਆਖੋ ਕਿ ਹੋ ਨਾਦਾਨ ਤੁਸੀਂ ਹਾਲੇ ਵੀ,
ਐਨੇ ਨਾਦਾਨ ਕਿ ਕਰਨੀ ਨ ਵਫ਼ਾ ਆਉਂਦੀ ਹੈ।

ਇਕ ਆਵਾਜ਼ ਕਰੇ ਜਦ ਵੀ ਕੁਈ ਸ਼ੈ ਟੁਟਦੀ,
ਟੁਟਦੇ ਦਿਲ 'ਚੋਂ ਨ ਕਦੇ ਯਾਰ ਸਦਾ ਆਉਂਦੀ ਹੈ।

ਅਕਲ ਹੁੰਦਿਆਂ ਵੀ ਕਦੇ ਧੂੜ੍ਹ ਨ ਸਕਦਾ ਜਾਦੂ।
ਬਾਤ ਕਰਨੇ ਦੀ ਨ ਜਿਸਨੂੰ ਕਿ ਕਲਾ ਆਉਂਦੀ ਹੈ।

ਦਰਦ ਕਿੰਨਾ ਕੁ ਉਮਡਿਆ ਹੈ ਖੁਰੇ ਮਨ ਅੰਦਰ,
ਇੰਝ ਅੱਖਾਂ 'ਚ ਜੁ ਮੁੜ ਮੁੜ ਕੇ ਘਟਾ ਆਉਂਦੀ ਹੈ।

ਸਾਂਭ ਲੈ ਕਿਸ਼ਨ ਇਨ੍ਹਾਂ ਨੂੰ, ਇਹ ਜੁ ਲੈਰੇ ਰਿਸ਼ਤੇ,
ਲੂਸ ਦੇਵੇ ਨ ਕਿਤੇ ਗਰਮ ਹਵਾ ਆਉਂਦੀ ਹੈ।

—0—

ਨ ਕਿਸੇ ਖੁਸ਼ੀ ਦੀ ਹੈ ਜੁਸਤਜੂ ਨ ਕਰਾਰ ਹੀ ਦੀ ਤਲਾਸ਼ ਹੈ,
ਜੁ ਕਿ ਮਨ ਦਾ ਨੇਰ੍ਹ ਮਿਟਾ ਦੇਵੇ,ਮੈਨੂੰ ਰੋਸ਼ਨੀ ਦੀ ਤਲਾਸ਼ ਹੈ।

ਬੜ੍ਹੀ ਦੇਰ ਤੋਂ ਜੁ ਰੁਕੇ ਪਏ ਮਿਰੇ ਦੀਦਿਆਂ ਹੀ 'ਚ ਅੱਥਰੂ,
ਮਿਰੀ ਤਾਂਘ ਹੈ ਕਿ ਇਹ ਵਹਿ ਤੁਰਨ ਜ਼ਰਾ ਦਿਲਬਰੀ ਦੀ ਤਲਾਸ਼ ਹੈ।

ਇਹ ਜੁ ਰਿਸ਼ਤਿਆਂ ਦਾ ਹੈ ਸਿਲਸਿਲਾ, ਹੈ ਹਿਤਾਂ ਦੀ ਖੇਡ ਮੈਂ ਜਾਣਦਾਂ,
ਜੁ ਹਿਤੋਂ ਬੁਲੰਦ ਹੈ, ਕੌਣ ਹੈ, ਐਸੇ ਆਦਮੀ ਦੀ ਤਲਾਸ਼ ਹੈ।

ਐ ਕਲੀ ਜਿਵੇਂ ਕਿ ਸੁਭਾ ਤਿਰਾ, ਹੈ ਸਦਾ ਹੀ ਮਹਿਕ ਲੁਟਾਣ ਦਾ।
ਤਿਵੇਂ ਭੌਰ ਨੂੰ ਵੀ ਹਮੇਸ਼ ਹੀ ਤਾਂ ਕਲੀ ਕਲੀ ਦੀ ਤਲਾਸ਼ ਹੈ।

ਜੁ ਪਵੇ ਨ ਮਾਂਦ ਕਿਸੇ ਘੜੀ,ਜੁ ਕਿ ਤੋੜ ਤੀਕ ਹੀ ਨਿਭ ਸਕੇ,
ਉਸੇ ਦੋਸਤੀ ਦੀ ਤਲਾਸ਼ ਹੈ, ਉਸੇ ਦੁਸ਼ਮਣੀ ਦੀ ਤਲਾਸ਼ ਹੈ।

ਇਹ ਜੁ ਸ਼ੋਖੀਆਂ ਇਹ ਜੁ ਚੁਸਤੀਆਂ, ਨ ਮੇਰੇ ਸੁਭਾ 'ਚ ਸੀ ਦੋਸਤੋ,
ਲੁਟਾ ਬਿਹਾਂ ਜੋ ਕਿ ਜੱਗ ਨੂੰ,ਮੈਨੂੰ ਸਾਦਗੀ ਦੀ ਤਲਾਸ਼ ਹੈ।

ਮੇਰਾ ਮਨ ਬਹੁਤ ਹੀ ਉਦਾਸ ਹੈ, ਜੇ ਨਜ਼ਰ ਕਰੇਂ ਤਾਂ ਚਹਿਕ ਪਵੇ,
ਮੈਂ ਉਦਾਸ ਹਾਂ ਮੇਰੇ ਕਿਸ਼ਨ ਜੀ, ਤੇਰੀ ਮੁਸਕਣੀ ਦੀ ਤਲਾਸ਼ ਹੈ।

ਪਿੰਡ ਤੇ ਡਾ:—ਭੈਣੀ ਸਾਹਿਬ
ਜ਼ਿਲ੍ਹਾ—ਲੁਧਿਆਣਾ।

## ਗੀਤ

—ਸੁਰਿੰਦਰ ਸੋਹਲ—

ਪੰਛੀ ਯਾਦਾਂ ਤੇਰੀਆਂ ਦੇ
ਖਾਣ ਮੇਰਾ ਦਿਲ ਵੇ।
ਅੱਲੇ ਅੱਲੇ ਜ਼ਖ਼ਮਾਂ ਨੂੰ
ਰੋਜ਼ ਜਾਣ ਛਿਲ ਵੇ।
ਜਦੋਂ ਖਿੜੇ ਚਾਨਣੀ
ਕਲੋਲਾਂ ਕਰੇ ਚੰਦ ਵੇ।
ਪੀੜ ਦਾ ਸ਼ਿਕਾਰੀ
ਮੇਰੀ ਜਿੰਦ ਲਵੇ ਫੰਦ ਵੇ।
ਹੰਝੂਆਂ ਦੇ ਫੁਲ
ਜਾਣ ਪਲਕਾਂ ਤੇ ਖਿਲ ਵੇ।
ਸੁਚੜੀ ਤ੍ਰੇਲ ਜਿਹਾ
ਮੇਰਾ ਸੁੱਚਾ ਪਿਆਰ ਵੇ।
ਅਜ ਵੀ ਉਡੀਕੇ ਤੈਨੂੰ,
ਆ ਜਾ ਇਕ ਵਾਰ ਵੇ।
ਜਿੰਦੂ ਦੇ ਮੂੰਹ ਨਿਕਲੇ ਨੇ
ਬਿਰਹੋਂ ਦੇ ਕਿਲ ਵੇ।
ਟੁੱਟੇ ਹੋਏ ਕੱਚ ਦੀ
ਵਿਛਾ ਕੇ ਸੇਜ ਮਹਿਰਮਾ।
ਅਖੀਆਂ 'ਚ ਰਾਤ ਮੇਰੀ
ਬੀਤਦੀ ਹੈ ਜ਼ਾਲਮਾ
'ਸੋਹਲ' ਜਿੰਦ ਝਾੜਦੀ ਹੈ,
ਹੌਕਿਆਂ ਦੇ ਤਿਲ ਵੇ।
ਅੱਲੇ ਅੱਲੇ ਜ਼ਖ਼ਮਾਂ ਨੂੰ
ਰੋਜ਼ ਜਾਣ ਛਿਲਵੇ।

ਪਿੰਡ : ਸੰਗਲ ਸੋਹਲ
ਡਾਕਘਰ : ਮੰਡ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਤਾਰ-ਸ਼ਹਿਨਾਈ ਨਾਲ ਇੱਕ ਸੁਰ—ਬਲਜੀਤ ਸਿੰਘ

—ਸੁਖਜੀਤ



ਅਮ੍ਰਿਤ ਵੇਲਾ ਸੀ। ਊਸ਼ਾ ਦੇਵੀ, ਸੂਰਜ ਦੇਵਤਾ ਦਾ ਰਥ ਨਸਾਈ ਆ ਰਹੀ ਸੀ, ਦੂਰ ਦੁਮੇਲ ਤੇ ਉਸ ਰੱਥ ਦੀ ਉੱਡਦੀ ਹੋਈ ਕ੍ਰਿਮਚੀ ਧੂੜ ਅਜੇ ਪਤਲੀ ਜਿਹੀ ਨਜ਼ਰ ਆਉਂਦੀ ਸੀ। ਸਾਰੇ ਵਾਤਾਵਰਣ ਤੇ ਸਰਸਵਤੀ ਦੇਵੀ ਦੀ ਛਾਪ ਸੀ। ਫਿਜ਼ਾ ਵਿਚ ਸੁਰ ਸੰਗੀਤ ਦੀ ਥਰਥਰਾਹਟ ਸੀ। ਕੰਨਾਂ ਥੀਂ ਗੁਜਰਦਾ ਮਧੂ-ਰਸ ਮਨ ਨੂੰ ਅਜੀਬ ਅਨੰਦ ਦੇ ਰਿਹਾ ਸੀ। ਗਾਇਨ ਅਤੇ ਵਾਦਨ ਦਾ ਅਨੂਠਾ ਸੁਮੇਲ ਮੈਨੂੰ ਖਿੱਚ ਰਿਹਾ ਸੀ, ਸ਼ੁੱਧ ਤਾਨ ਅਤੇ ਲੈਅ ਬੱਧ ਅਲਾਪ ਮੈਨੂੰ ਖੀਵਾ ਕਰ ਰਹੇ ਸਨ, ਅਚਾਨਕ ਹੀ ਕੰਨਾਂ ਵਿਚ ਸ਼ਹਿਨਾਈ ਦੀ ਅਵਾਜ਼ ਪਈ, ਮੈਂ ਤ੍ਰਬਕਿਆ, ਕੀ ਉਸਤਾਦ ਬਿੱਸਮਿਲਾ ਖਾਂ ਆਏ ਹੋਏ ਨੇ ? ਸਮ੍ਰਿਤੀ ਮੰਦਰ ਵੱਲ ਵਧਦੇ ਮੇਰੇ ਕਦਮ ਤੇਜ਼ ਹੋ ਗਏ।

ਲੁਧਿਆਣਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਸ੍ਰੀ ਭੈਣੀ ਸਾਹਿਬ ਦੀ ਇਕ ਸੁਹਾਵਣੀ ਸਵੇਰ ਦੀ ਗੱਲ ਹੈ ਇਹ। ਸਿਮ੍ਰਤੀ ਮੰਦਿਰ ਵਿਚ ਪ੍ਰਵੇਸ਼ ਕਰ ਦੇਖਿਆ ਕਿ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਹਜ਼ੂਰੀ ਰਾਗੀ ਸ਼ਬਦ ਗਾਇਨ ਕਰ ਰਹੇ ਸਨ। ਪੰਜਵੇਂ ਮਹਲੇ ਦਾ ਰਾਗ ਬਿਲਾਵਲ 'ਚ ਗਾਇਆ ਜਾ ਰਿਹਾ ਸ਼ਬਦ ਸੀ।

"ਮੋਹਨ ਨੀਦ ਨਾ ਆਵੈ ਹਾਵੈ, ਹਾਰ ਕਜਰ ਬਸਤ੍ਰ ਅਭਰਨ ਕੀਨੇ॥

ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ॥

ਸਤਿਗੁਰੂ ਜੀ ਹਰ ਸ਼ਬਦ ਦੀ ਟੇਕ ਲੈਣ 'ਚ ਅਗਵਾਈ ਕਰ ਰਹੇ ਸਨ, ਤਾਰ ਵਾਲੇ ਕਿੰਨੇ ਹੀ ਸਾਜਾਂ ਨਾਲ ਤੇ ਤਬਲੇ ਨਾਲ ਸਜੇ ਕਿੰਨੇ ਹੀ ਸਾਜ਼ਿੰਦੇ ਸਨ ਪਰ ਮੈਨੂੰ ਉਸਤਾਦ ਬਿੱਸਮਿੱਲਾ ਖਾਂ ਕਿਧਰੇ ਨਜ਼ਰ ਨਾ ਆਏ। ਇੰਨੇ ਨੂੰ ਫਿਰ ਸ਼ਹਿਨਾਈ ਦੀ ਸੁਰ ਉੱਭਰੀ ਚਾਰੋਂ ਪਾਸੇ ਇਕ ਵਜਦ ਛਾ ਗਿਆ, ਵੇਖਿਆ ਕਿ ਇਹ ਤਾਂ ਤਾਰ-ਸ਼ਹਿਨਾਈ ਸੀ ਤੇ ਚੜ੍ਹਦੀ ਉਮਰ ਵਾਲਾ ਇਕ ਨੌਜਵਾਨ ਮੁੰਡਾ, ਅੱਧ ਮੀਟੀਆਂ ਤੇ ਮਖ਼ਮੂਰ ਅੱਖਾਂ ਨਾਲ ਵਾਦਨ ਕਰ ਰਿਹਾ ਸੀ। 'ਸੰਗੀਤ ਰਤਨਾਕਾਰ' ਗਰੰਥ ਦੇ ਕਰਤਾ ਪੰਡਿਤ ਸਾਰੰਗ ਦੇਵ ਜੀ ਨੇ ਲਿਖਿਆ ਹੈ ਕਿ, "ਗਾਇਨ, ਵਾਦਨ ਅਤੇ ਨਿਰਤ—ਇਨ੍ਹਾਂ ਕਲਾਵਾਂ ਦੇ ਮੇਲ ਨੂੰ ਸੰਗੀਤ ਕਿਹਾ ਜਾਂਦਾ ਹੈ। ਇਸ ਵਿਚ ਨ੍ਰਿਤ ਵਾਦਨ ਦੇ, ਅਤੇ ਵਾਦਨ ਗਾਇਨ ਦੇ ਅਧੀਨ ਹੈ।" ਤੇ ਮੇਰੇ ਸਾਹਮਣੇ ਗਾਇਨ 'ਚ ਵੀ ਤੇ ਵਾਦਨ 'ਚ ਵੀ ਮੰਨੀਆਂ ਪਰਮੰਨੀਆਂ ਸਖਸ਼ੀਅਤਾਂ ਬਿਰਾਜਮਾਨ ਸਨ। ਸਤਿਗੁਰੂ ਜਗਜੀਤ ਸਿੰਘ ਜੀ ਆਪ ਤਾਂ ਨਿਪੁੰਨ ਸੰਗੀਤਕਾਰ ਹਨ ਹੀ ਪਰ ਆਪ ਦੀ ਬਖਸ਼ਿਸ਼ ਨਾਲ ਇਸ ਨਿੱਕੇ ਜਿਹੇ ਪਿੰਡ ਵਿਚ ਸਰਸਵਤੀ ਦਾ ਨਿਵਾਸ ਹੈ। ਆਪ ਰਾਗਾਂ ਅਤੇ ਸਾਜ਼ਾਂ ਵਿਚ ਨਵੇਂ ਨਵੇਂ ਪ੍ਰਯੋਗ ਕਰਦੇ ਰਹਿੰਦੇ ਹਨ, ਉਂਜ ਵੀ ਜਿਸ ਕਿਸੇ ਦੇ ਸਿਰ ਤੇ ਆਪਦਾ ਮਿਹਰ ਭਰਿਆ ਹੱਥ ਰੱਖਿਆ ਜਾਵੇ ਉਹ ਵਾਦਕ ਵੀ ਬਣ ਸਕਦਾ ਹੈ ਤੇ ਗਾਇਕ ਵੀ। ਕਿਸੇ ਹੋਰ ਦੇ ਸਿਰ ਤੇ ਰੱਖਿਆ ਹੱਥ ਉਸ ਤੋਂ ਖੇਡ ਮੈਦਾਨ ਵਿਚ ਧੂੜਾਂ ਪਟਾ ਸਕਦਾ ਹੈ, ਕਿਸੇ ਤੋਂ ਸਾਹਿਤ ਖੇਤਰ ਵਿਚ ਬੱਲੇ ਬੱਲੇ ਕਰਵਾ ਸਕਦਾ ਹੈ ਤੇ ਕੋਈ ਫੋਟੋਗ੍ਰਾਫੀ ਦੇ ਆਕਾਸ਼ ਤੇ ਜਾ ਚਮਕਦਾ ਹੈ। ਇਸੇ ਤਰ੍ਹਾਂ ਇਸ ਹੋਣਹਾਰ ਨੌਜਵਾਨ ਤੇ ਵੀ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਹੈ। ਨਹੀਂ ਤਾਂ ਤਾਰ ਵਾਲੇ ਸਾਜ ਵਿਚ ਇੰਨਾ ਸ਼ੁੱਧ ਸ਼ਹਿਨਾਈ ਵਾਦਨ।

ਕਦੇ ਫਿਲਮ ਨਾਗਿਨ ਵਿਚ ਗੀਤਾਂ ਦੇ ਨਾਲ ਸਪੇਰੇ ਦਾ ਬੀਨ ਦਾ ਵਾਦਨ ਇਲੈਕਟਰਿਕ ਯੰਤਰ ਦੁਆਰਾ ਕੀਤਾ ਗਿਆ ਪੜ੍ਹਕੇ ਯਕੀਨ ਨਹੀਂ ਆਇਆ ਸੀ ਪਰ ਅੱਜ ਤਾਰ ਸਾਜ਼ 'ਚੋਂ ਨਿਕਲ ਰਹੀ ਸ਼ਹਿਨਾਈ ਦੀ ਅਵਾਜ਼ ਅੱਖਾਂ ਅਤੇ ਕੰਨਾਂ ਨੂੰ ਹੈਰਾਨ ਕਰ ਰਹੀ ਸੀ। ਆਲੇ ਦੁਆਲੇ ਤੋਂ ਪਤਾ


Sri Satguru Jagjit Singh Ji eLibrary NamdhariElibrary@gmail.com

ਲਗਿਆ ਕਿ ਇਸ ਨੌਜਵਾਨ ਦਾ ਨਾਂ ਬਲਜੀਤ ਸਿੰਘ ਹੈ। ਕੀਰਤਨ ਦੀ ਸਮਾਪਤੀ ਪਿੱਛੋਂ ਮੈਂ ਬਲਜੀਤ ਸਿੰਘ ਬਾਰੇ ਹੋਰ ਜਾਨਣ ਲਈ ਉਹਨੂੰ ਜਾ ਮਿਲਿਆ, ਉਹ ਬੜੇ ਹੀ ਤਪਾਕ ਨਾਲ ਮਿਲਿਆ। ਮੰਦ-ਮੰਦ ਮੁਸਕਰਾਉਂਦਾ ਹੋਇਆ ਕਲਾ-ਕਾਰਾਂ ਵਾਂਗੂ, ਮੇਰੀਆਂ ਅੱਖਾਂ 'ਚ ਪਿਆਰ ਨਾਲ ਸਿੱਧਾ ਵੇਖਦਾ ਹੋਇਆ। ਮੇਰੀ ਇੱਛਾ ਜਾਣ ਉਸ ਕਿਹਾ "ਆਓ ਘਰ ਚਲਦੇ ਹਾਂ"।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਬਲਜੀਤ ਸਿੰਘ ਦਾ ਘਰ ਬਹੁਤ ਹੀ ਸੋਹਣਾ ਹੈ ਤੇ ਉਦੋਂ ਵੀ ਸੋਹਣੇ ਅਤੇ ਚੰਗੇ ਨੇ ਉਹਦੇ ਪ੍ਰੀਵਾਰ ਦੇ ਜੀਅ। ਉਸਦੇ ਪਿਤਾ ਸੰਗੀਤ ਦੇ ਚੰਗੇ ਜਾਣੂ ਹਨ, ਉਸ ਦੀ ਮਾਤਾ ਨੂੰ ਸੰਗੀਤ ਨਾਲ ਬੇਹੱਦ ਪਿਆਰ ਹੈ, ਉਸਦਾ ਛੋਟਾ ਭਰਾ ਸਿਤਾਰ ਸਿੱਖ ਰਿਹਾ ਹੈ ਤੇ ਰਾਗਾਂ ਦਾ ਗਿਆਨ ਰੱਖਦਾ ਹੈ ਉਸ ਦੀਆਂ ਭੈਣਾਂ ਵੀ ਰਾਗਾਂ ਤੋਂ ਵਾਕਫ ਨੇ ਤੇ ਰਿਆਜ਼ ਸਮੇਂ ਉਸਦਾ ਸਾਥ ਦਿੰਦੀਆਂ ਹਨ। ਉਸਦੀ ਪਤਨੀ ਨੇ ਸੰਗੀਤ ਦੇ ਵਿਸ਼ੇ ਵਿਚ ਅਕਾਦਮਿਕ ਵਿਦਿਆ ਪ੍ਰਾਪਤ ਕੀਤੀ ਹੈ ਤੇ ਸ਼ਾਸਤਰੀ ਸੰਗੀਤ ਨਾਲ ਬਹੁਤ ਲਗਾਅ ਹੈ ਉਸਨੂੰ। ਉਸਦੇ ਘਰ ਦਾ ਮਾਹੌਲ ਪੂਰਾ ਸੰਗੀਤਕ ਹੈ। ਪਤੀਲੇ 'ਚ ਫਿਰਦੀ ਕੜਛੀ ਵੀ ਕਿਸੇ ਸੁਰ 'ਚ ਹੋਵੇਗੀ। ਪੌੜੀਆਂ ਚੜ੍ਹਦਾ ਕੋਈ ਜੀਅ ਸਾ ਰੇ ਗਾ ਮ ਪ ਧ ਨੀ ਸਾਂ ਦੇ ਸੁਰਾਂ 'ਚ ਚੜ੍ਹੇ ਉਤਰੇਗਾ। ਕਪੜੇ ਧੋਂਦਿਆਂ ਉਹਨਾਂ ਦੀ ਥਾਪ ਤੋਂ ਮਹਿਸੂਸ ਹੋਵੇਗਾ ਕਿ ਜਿਵੇਂ ਕੋਈ ਤਬਲੇ ਉਤੇ ਕਾਇਦਿਆਂ ਦਾ ਅਭਿਆਸ ਕਰ ਰਿਹਾ ਹੋਵੇ ਧਾ ਧਾ ਤਿਰ ਕਿਟ। ਧਾ ਧਾ ਤੂ ਨਾ।

੧੯੬੩ 'ਚ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਖਾਪੜ ਖੇੜੀ 'ਚ ਸ: ਗੁਰਬਚਨ ਸਿੰਘ ਦੇ ਘਰ ਜੰਮਿਆ ਬਲਜੀਤ ਸਿੰਘ ਬਚਪਨ ਤੋਂ ਹੀ ਆਪਣੇ ਮਾਤਾ ਪਿਤਾ ਦੀ ਛੱਤਰ ਛਾਇਆ ਹੇਠ ਸੰਗੀਤ ਵੱਲ ਰੁਚਿਤ ਹੋ ਗਿਆ। ਅੰਮ੍ਰਿਤਸਰ ਦੇ ਪ੍ਰਸਿੱਧ ਠੁਮਰੀ ਗਾਇਕ ਉਸਤਾਦ ਮਹਿੰਦਰ ਸਿੰਘ ਤੋਂ ਮੁੱਢਲੀ ਸਿੱਖਿਆ ਲੈਕੇ ਉਹ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਬਾਰ 'ਚ ਹਾਜ਼ਿਰ ਹੋ ਗਿਆ। ਗੁਰੂ ਜੀ ਨੇ ਉਸ ਅੰਦਰਲੀ ਪ੍ਰਤਿਭਾ ਨੂੰ ਪਛਾਣ ਲਿਆ ਤੇ ਉਸ ਵਿਚ ਨਿਜੀ ਦਿਲਚਸਪੀ ਲਈ। ਉਹ ਸਤਿਗੁਰੂ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੀ ਨਿਗਰਾਨੀ ਵਿਚ ਸ਼ਾਸਤਰੀ ਸੰਗੀਤ ਦੀ ਸਿੱਖਿਆ ਲੈਂਦਾ ਰਿਹਾ ਫਿਰ ਉਹ ਹਰਭਜਨ ਸਿੰਘ ਦਿੱਲੀ ਵਾਲਿਆਂ ਦਾ ਸ਼ਗਿਰਦ ਬਣਿਆਂ ਤੇ ਫਿਰ ੧੯੭੯ ਵਿਚ ਪ੍ਰਸਿੱਧ ਤਾਰ ਸ਼ਹਿਨਾਈ ਵਾਦਕ ਉਸਤਾਦ ਪਿਆਰਾ ਸਿੰਘ ਦਾ ਸ਼ਗਿਰਦ ਬਣ ਗਿਆ। ਉਸਤੋਂ ਬਾਅਦ ਸ੍ਰੀ ਵਲਾਇਤ ਖਾਂ ਉੱਘੇ ਸਿਤਾਰ ਵਾਦਕ ਤੇ ਵਚਿੱਤਰ ਵੀਣਾ ਵਾਲੇ ਉਸਤਾਦ ਗੋਪਾਲ ਕ੍ਰਿਸ਼ਨ ਜੀ ਕੋਲੋਂ ਸਿੱਖਿਆ ਲੈਂਦਾ ਰਿਹਾ। ਅੱਜ ਕੱਲ ਉਹ ਬਨਾਰਸ ਵਿਚ ਉਸਤਾਦ ਬਿਸਮਿੱਲਾ ਖਾਂ ਸਾਹਿਬ ਜੋ ਪ੍ਰਸਿੱਧ ਸ਼ਹਿਨਾਈ ਵਾਦਕ ਹਨ ਉਹਨਾਂ ਦਾ ਸ਼ਾਗਿਰਦ ਹੈ। ਉਸਨੂੰ ਪ੍ਰਸਿੱਧ ਉਸਤਾਦਾਂ ਦਾ ਸ਼ਾਗਿਰਦ ਹੋਣ ਦਾ ਮਾਣ ਹੈ ਤੇ ਉਸਦੇ ਉਸਤਾਦ ਨੂੰ ਵੀ ਇਹੋ ਜਿਹੇ ਸ਼ਾਗਿਰਦ ਤੇ ਮਾਣ ਹੈ। ਉਸਨੂੰ ਤਾਰ ਸ਼ਹਿਨਾਈ ਵਜਾਉਂਦਿਆਂ ਦਸ ਵਰ੍ਹੇ ਹੋ ਗਏ ਨੇ, ਹੁਣ ਉਹ ਸਮਝਦਾ ਹੈ ਕਿ ਉਸਨੂੰ ਇਸ ਸਾਜ਼ ਤੋਂ ਸੰਤੁਸ਼ਟੀ ਮਿਲਦੀ ਹੈ, ਉਹ ਸਮਝਦਾ ਹੈ ਕਿ ਇਸ ਸਾਜ਼ ਰਾਹੀਂ ਉਹ ਸਹੀ ਢੰਗ ਨਾਲ ਆਪਾ ਪ੍ਰਗਟ ਕਰ ਸਕਦਾ ਹੈ। ਉਂਜ ਤਾਂ ਉਹ ਗਾਇਕ ਵੀ ਅੱਡਾ ਹੈ ਪਰ ਆਤਮ ਵਿਸ਼ਵਾਸ ਨਾਲ ਉਹ ਆਪਣੇ ਆਪ ਨੂੰ ਸਫਲ ਵਾਦਕ ਮੰਨਦਾ ਹੈ। ਉਸ ਨੂੰ ਵਿਸ਼ਵਾਸ ਹੈ ਕਿ 'ਡਿਸਕੋ ਤੇ ਹੋਰ ਰੌਲੇ ਰੱਪੇ ਵਾਲਾ ਸੰਗੀਤ ਸ਼ਾਸਤਰੀ ਸੰਗੀਤ ਤੇ ਭਾਰੂ ਨਹੀਂ ਹੋ ਸਕਦਾ। ਸ਼ਾਸਤਰੀ ਸੰਗੀਤ ਦਾ ਭਵਿੱਖ ਉਜਵਲ ਹੈ ਜੇ ਸਰਕਾਰ ਤੇ ਦੂਜੀਆਂ ਸਮਾਜ ਸੇਵੀ ਸੰਸਥਾਵਾਂ ਥੋੜਾ ਬਹੁਤ ਧਿਆਨ ਵੀ ਇਧਰ ਦੇਣ ਤੇ ਪ੍ਰੋਗਰਾਮ ਹੋਣ ਤਾਂ ਕੋਈ ਗੱਲ ਨਹੀਂ ਕਿ ਸ਼ਾਸ਼ਤਰੀ ਸੰਗੀਤ ਆਮ ਲੋਕਾਂ ਤੱਕ ਨਾ ਪੁੱਜ ਸਕੇ। ਸ੍ਰੀ ਭੈਣੀ ਸਾਹਿਬ ਵਿਖੇ ਸ਼ਾਸਤਰੀ ਸੰਗੀਤ ਲਈ ਸਤਿਗੁਰੂ ਜੀ ਵੱਲੋਂ ਕੀਤੇ ਜਾ ਰਹੇ ਕੰਮ ਤੋਂ ਉਹ ਸੰਤੁਸ਼ਟ ਹੈ। ਉਹ ਬੜੀ ਸ਼ਰਧਾ ਨਾਲ ਦੱਸਦਾ ਹੈ ਕਿ ਉਹ ਜੋ ਵੀ ਅੱਜ ਹੈ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਕਰਕੇ ਹੈ ਇਸੇ ਲਈ ਉਸ ਨੂੰ ਕਿੰਨੇ ਹੀ ਮਹਾਨ ਉਸਤਾਦ ਸੰਗੀਤਕਾਰਾਂ ਦਾ ਸ਼ਗਿਰਦ ਬਨਣ ਦਾ ਸੁਭਾਗ ਪ੍ਰਾਪਤ ਹੈ। ਭਾਰਤ ਵਿਚ ਤੇ ਭਾਰਤ ਤੋਂ ਬਾਹਰ ਅਫਰੀਕਾ, ਇੰਗਲੈਂਡ, ਥਾਈਲੈਂਡ ਵਿਚ ਸਮੇਂ ਸਮੇਂ ਤੇ ਕਿੰਨੇ ਹੀ ਵੱਡੇ ਵੱਡੇ ਪ੍ਰੋਗਰਾਮ ਕਰਨ ਦਾ ਮੌਕਾ ਮਿਲਿਆ ਹੈ, ਕਿੰਨੇ ਹੀ ਪ੍ਰਸਿੱਧ ਸੰਗੀਤਕਾਰਾਂ ਦੀ ਸੰਗਤ ਪ੍ਰਾਪਤ ਹੁੰਦੀ ਰਹਿੰਦੀ ਹੈ। ਇਹ ਉਸਦੀ ਆਪਣੀ ਮਿਹਨਤ, ਪ੍ਰੀਵਾਰ ਦਾ ਸਹਿਯੋਗ ਤੇ ਸਤਿਗੁਰੂ ਕ੍ਰਿਪਾ ਹੀ ਹੈ ਕਿ ਸੰਨ ੧੯੮੩ ਵਿਚ ਉਸਨੇ ਆਲ ਇੰਡੀਆ ਰੇਡੀਓ ਕੰਮਪੀਟੀਸ਼ਨ ਦਿੱਲੀ ਵਿਖੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੱਜ ਕੱਲ ਬਲਜੀਤ ਸਿੰਘ ਭੈਣੀ ਸਾਹਿਬ ਦੇ ਕਿੰਨੇ ਹੀ ਸੰਗੀਤਕਾਰ ਬੱਚਿਆਂ ਦਾ ਉਸਤਾਦ ਹੈ। ਉਹ ਚਾਹ, ਕੋਕਾ ਕੋਲਾ ਤੇ ਬਜ਼ਾਰ ਦੇ ਅਲਮ ਗਲਮ ਨੂੰ ਛੂੰਹਦਾ ਤੱਕ ਨਹੀਂ। ਮੇਰੇ ਇਹ ਪੁੱਛਣ ਤੇ ਕਿ ਜਿਵੇਂ ਪੰਡਿਤ ਰਵੀ ਸ਼ੰਕਰ ਹੋਰਾਂ ਨੇ ਸੰਗੀਤ ਦੇ ਖੇਤਰ ਵਿਚ ਨਵੇਂ ਨਵੇਂ ਪ੍ਰਯੋਗ ਕੀਤੇ ਨੇ ਤੇ ਭਾਰਤੀ ਤੇ ਪੱਛਮੀ ਸ਼ਾਸ਼ਤਰੀ ਸੰਗੀਤ ਨੂੰ ਮਿਲਾਕੇ ਕੁਝ ਨਵੀਂ ਕੰਪੋਜ਼ੀਸ਼ਨ ਕੀਤੀ ਹੈ, ਕੀ ਤੁਸੀਂ ਸਮਝਦੇ ਹੋ ਕਿ ਇਹ ਸਾਡੀ ਪ੍ਰਾਪਤੀ ਹੋਵੇਗੀ ?" ਉਸਨੇ ਕਿਹਾ ਕਿ ਉਹ ਇਸਨੂੰ ਚੰਗੀ ਗੱਲ ਮੰਨਦਾ ਹੈ ਤੇ ਉਹ ਵੀ ਇਸ ਪਾਸੇ ਕੁਝ ਨਵਾਂ ਕਰਨਾ ਚਾਹੁੰਦਾ ਹੈ। ਜਦੋਂ ਮੈਂ ਉਸਨੂੰ ਹੁਣ


Sri Satguru Jagjit Singh Ji eLibrary NamdhariElibrary@gmail.com



ਇਕ ਪ੍ਰੋਗਰਾਮ ਵਿਚ ਬਲਜੀਤ ਸਿੰਘ ਅਤੇ ਬਾਕੀ
ਰਾਮ ਤਰਲਾ ਕਲਾਕਾਰ

ਤੱਕ ਦੇ ਦਿੱਤੇ ਪ੍ਰੋਗਰਾਮਾਂ ਚੋਂ ਕੋਈ ਇਕ ਯਾਦਗਾਰੀ ਪ੍ਰੋਗਰਾਮ ਬਾਰੇ ਦੱਸਣ ਨੂੰ ਕਿਹਾ ਤਾਂ ਉਸਨੇ ਕੁਝ ਸੋਚਿਆ ਫਿਰ ਉਸਦੇ ਚਿਹਰੇ ਤੇ ਕੂਲੇ ਕੂਲੇ ਭਾਵ ਆਏ ਤੇ ਉਹ ਬੜਾ ਹੀ ਸੋਹਣਾ ਜਾਪਿਆ ਉਸਨੇ ਕਿਹਾ, "ਇਕ ਵਾਰੀ ਗਵਾਲੀਅਰ ਪ੍ਰੋਗਰਾਮ ਸੀ। ਉਸ ਪ੍ਰੋਗਰਾਮ ਤੋਂ ਦੋ ਦਿਨ ਬਾਅਦ ਤਾਨਸੈਨ ਜੀ ਦੇ ਜਨਮ ਅਸਥਾਨ ਤੇ (ਪਿੰਡ ਬੇਹਟ, ਗਵਾਲੀਅਰ ਤੋਂ ਪੰਜ ਕਿਲੋਮੀਟਰ) ਪ੍ਰੋਗਰਾਮ ਹੁੰਦਾ ਹੈ ਜਿਥੇ ਗਵਾਲੀਅਰ ਵਾਲੇ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਸੰਗੀਤਕਾਰਾਂ ਚੋਂ ਸਿਰਫ ਚਾਰ ਜਾਂ ਪੰਜ ਸੰਗੀਤਕਾਰਾਂ ਨੂੰ ਹੀ ਬੁਲਾਇਆ ਜਾਂਦਾ ਹੈ ਤੇ ਉਦੋਂ ਪ੍ਰਬੰਧਕਾਂ ਨੇ ਮੈਨੂੰ ਵੀ ਸੱਦਾ ਦਿੱਤਾ। ਪਹਾੜੀ ਇਲਾਕੇ 'ਚ ਖੁਸ਼ਕ ਜਿਹਾ ਪੰਡਾਲ ਸੀ ਨਾ ਕੋਈ ਸਜਾਵਟ, ਨਾ ਸਟੇਜ, ਨਾ ਸ਼ਮਿਆਨਾ। ਤਾਨਸੈਨ ਜੀ ਦੇ ਮਕਬਰੇ ਤੇ ਥੋੜਾ ਬਹੁਤ ਇਕੱਠ ਸੀ। ਡਾਕੂਆਂ ਦਾ ਇਲਾਕਾ ਹੋਣ ਕਰਕੇ ਪੁਲਿਸ ਬਹੁਤ ਸੀ। ਸ਼ਾਨਦਾਰ ਸਟੇਜਾਂ ਦਾ ਗਿੱਝਿਆ ਹੋਣ ਕਰਕੇ ਮੇਰਾ ਮਨ ਤੰਗ ਜਿਹਾ ਹੋ ਗਿਆ। ਸੋਚਿਆ ਇਥੇ ਕੀ ਕਰਨਾ ਸੀ? ਵਾਰੀ ਆਉਣ ਤੇ ਮੈਂ ਅਣਮੰਨੇ ਜਿਹੇ ਮੰਨ ਨਾਲ ਉਠਿਆ। ਦੁਪਿਹਰ ਦਾ ਵੇਲਾ ਸੀ, ਮੈਂ ਰਾਗ ਸ਼ੁੱਧ ਸਾਰੰਗ ਵਜਾਉਣਾ ਸ਼ੁਰੂ ਕੀਤਾ ਫਿਰ ਮੈਨੂੰ ਨਹੀਂ ਪਤਾ ਕੀ ਹੋਇਆ? ਮੈਨੂੰ ਮਹਿਸੂਸ ਹੋਇਆ ਜਿਵੇਂ ਤਾਨਸੈਨ ਜੀ ਦੀ ਰੂਹ ਉਥੇ ਕਿਤੇ ਹਾਜ਼ਿਰ ਸੀ ਉਹ ਖੁਸ਼ਕ ਪਹਾੜੀਆਂ ਸੰਗੀਤ ਨਾਲ ਥਰਥਰਾਉਂਦੀਆਂ ਜਾਪੀਆਂ।

ਸਾਰਾ ਵਾਤਾਵਰਣ ਸੰਗੀਤਮਈ ਹੋ ਗਿਆ। ਮੇਰੀ ਰੂਹ ਸ਼ਰਸ਼ਾਰ ਹੋ ਗਈ ਇਕ ਅਜੀਬ ਜਿਹਾ ਆਨੰਦ ਸੀ ਜੋ ਨਾ ਕਿਤੇ ਪਹਿਲਾਂ ਆਇਆਂ ਸੀ ਨਾ ਫਿਰ। ਹੁਣ ਵੀ ਉਹ ਸੁਆਦ ਸੁਆਦ ਹੋਇਆ ਬੈਠਾ ਸੀ।

"ਕੋਈ ਹੋਰ ਰਾਗ ਜਿਸਨੂੰ ਵਜਾਉਂਦਿਆਂ ਤੁਸੀਂ ਜ਼ਿਆਦਾ ਖੁਸ਼ੀ ਮਹਿਸੂਸ ਕਰਦੇ ਹੋਵੋ?" ਮੈਂ ਪੁੱਛਿਆ ਤਾਂ ਉਹ ਉਵੇਂ ਹੀ ਖੋਹਿਆ ਜਿਹਾ ਬੋਲਿਆ, "ਕਈ ਰਾਗ ਨੇ, ਬੱਸ ਰਾਗ ਨਾਲ ਇਕ ਸੁਰ ਹੋਣ ਦੀ ਗੱਲ ਹੈ।"

"ਫਿਰ ਵੀ...।" ਮੈਂ ਜ਼ੋਰ ਦਿੱਤਾ ਤਾਂ ਉਹ ਬੋਲਿਆ, "ਉਂਝ ਤਾਂ ਹਮੇਸ਼ਾ ਹੀ ਸੱਚੇ ਪਾਤਸ਼ਾਹ ਦੀ ਹਜ਼ੂਰੀ 'ਚ ਰਾਗ ਕਰਦਿਆਂ ਆਨੰਦ ਆਉਂਦਾ ਹੈ ਪਰ ਕਦੇ ਕਦੇ ਜਦ ਸਤਿਗੁਰੂ ਜੀ ਮਿਹਰ ਦੀ ਨਿਗ੍ਹਾ ਭਰਕੇ ਤੱਕ ਲੈਣ ਤਾਂ ਰੂਹ ਨੂੰ ਅਲੋਕਿਕ ਜਿਹਾ ਖੇੜਾ ਆ ਜਾਂਦਾ ਹੈ। ਸਤਿਗੁਰੂ ਜੀ ਦੀਆਂ ਤਾਂ ਗੱਲਾਂ ਹੀ ਹੋਰ ਨੇ...ਜਾਂ ਕਦੇ ਕਦੇ ਰਾਤ ਹੋਵੇ ਚਾਨਣੀ, ਪੂਰਨ ਇਕਾਂਤ ਹੋਵੇ ਤੇ ਉਸ ਸ਼ਾਂਤ ਟਿਕੀ ਹੋਈ ਰਾਤ ਵਿਚ ਮੈਂ ਬਾਗੇਸ਼ਰੀ ਜਾਂ ਬਿਹਾਗ ਰਾਗ ਵਜਾਉਂਦਾ ਹਾਂ, ਤਾਰ-ਸ਼ਹਿਨਾਈ ਨਾਲ ਇਕ ਸੁਰ ਹੋ ਕੇ, ਬੱਸ ਆਨੰਦ ਆ ਜਾਂਦਾ ਹੈ।"

"ਅਜਿਹਾ ਆਨੰਦ ਕਿਸੇ ਵੇਲੇ ਮੈਂ ਵੀ ਜ਼ਰੂਰ ਮਾਣਾਗਾਂ।" ਮੈਂ ਕਿਹਾ "ਕਿਉਂ ਨਹੀਂ, ਜ਼ਰੂਰ ਜ਼ਰੂਰ...।" ਉਸਨੇ ਪਿਆਰ ਨਾਲ ਕਿਹਾ। ਤੇ ਮੈਂ ਇਹ ਵਾਅਦਾ ਲੈਂਦਿਆਂ ਉਸ ਤੋਂ ਵਿਦਾ ਲੇ ਲਈ।

ਪਿੰਡ ਮਾਣੇਵਾਲ
ਡਾ: ਮਾਛੀਵਾੜਾ
ਜ਼ਿਲ੍ਹਾ ਲੁਧਿਆਣਾ


Sri Satguru Jagjit Singh Ji eLibrary NamdhariElibrary@gmail.com

# ਇਕ ਯਾਦ ਸੁਹਾਣੀ



ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਸੰਤੁਸ਼ਟ ਸੇਠ ਤਰਲੋਕ ਸਿੰਘ ਚਾਵਲਾ ਤੇ ਸਵ: ਬੀਬੀ ਮਹਿੰਦਰ ਕੌਰ

ਤੈਰੀ ਮਹਿਕ ਚੁਫੇਰੇ ਮੇਰੇ ਹਰਦਮ ਛਾਈ ਰਹਿੰਦੀ,
ਸੇਵਕ ਬਣ ਅਰ ਰਹੋ ਸਨਿਮਰ ਨਿਸ ਦਿਨ ਏਹੋ ਕਹਿੰਦੀ
ਸੁੰਦਰ, ਸੁਘੜ, ਸੁਹਿਰਦ ਮਹਿੰਦਰ, ਕੀਕਰ ਤੈਨੂੰ ਦੱਸਾਂ
ਤੈਰੀ ਜੁਦਾਈ ਫੁਲ ਫਲ ਰਹੀਏ ਰੂਹ ਤੈਰੇ ਵਲ ਵਹਿੰਦੀ

ਵਲੋਂ —(ਸੇਠ) ਤਰਲੋਕ ਸਿੰਘ ਚਾਵਲਾ



Sri Satguru Jagjit Singh Ji eLibrary NamdhariElibrary@gmail.com

# ਬੀਬੀ ਮਹਿੰਦਰ ਕੌਰ ਦੀ ਸਿਮ੍ਰਤੀ ਵਿਚ

ਮਹਿੰਦਰ ਕੌਰ ਨੂੰ ਇਹ ਪਤਾ ਸੀ ਕਿ ਸਿੱਖ ਬਣ ਲਿਆ ਜਾਵੇ ਸਹੀ ਫੇਰ ਹਰ ਇਕ ਜ਼ਿਮੇਂਵਾਰੀ ਸਤਿਗੁਰੂ ਤੇ ਚਲੀ ਜਾਂਦੀ ਹੈ ।

**—ਸਤਿਗੁਰੂ ਜਗਜੀਤ ਸਿੰਘ ਜੀ**

ਬੀਬੀ ਦੀ ਸੇਵਾ ਭਾਵਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਤੇ ਵਰਤਮਾਨ ਸ੍ਰੀ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਸਦਾ ਇਕ ਰਸ ਰਹਿੰਦੀ ਰਹੀ । ਜੇ ਸਤਿਗੁਰੂ ਜੀ ਬੰਕੌਕ ਜਾਣ ਜਾਂ ਦਿੱਲੀ ਦਰਸ਼ਨ ਦੇਣ ਤਾਂ ਬੀਬੀ ਨੇ ਆਪ ਸੇਵਾ ਕਰ ਕਰ ਕੇ ਤ੍ਰਿਪਤ ਹੋਣਾ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ । ਇਹਨਾਂ ਖੁਸ਼ੀਆਂ ਤੋਂ ਹੀ ਵਰਤਮਾਨ ਸ੍ਰੀ ਸਤਿਗੁਰੂ ਜੀ ਪਾਸੋਂ ਇਹ ਵਰ ਲੈ ਲਿਆ ਕਿ ਮੇਰਾ ਅੰਤ ਆਪਣੇ ਪਤੀ ਦੇ ਹੱਥਾਂ ਵਿਚ ਹੋਵੇ, ਅਤੇ ਅੰਤ ਹੋਣ ਵੇਲੇ ਕੋਈ ਕਸ਼ਟ ਨਾ ਹੋਵੇ । ਬੀਬੀ ਨੂੰ ਇਹ ਨਿਸ਼ਚਾ ਸੀ ਕਿ ਇਹ ਵਰ ਸਫਲ ਹੋਵੇਗਾ ਅਤੇ ਸੇਠ ਜੀ ਨੂੰ ਦੱਸ ਦਿਤਾ ।

ਭਾਦੋਂ ੨੦੪੨ (੩੧ ਅਗਸਤ ੧੯੮੫) ਨੂੰ ਅਮਰੀਕਾ ਦੀ ਕੰਟਕੀ ਸਟੇਟ ਦੇ ਪ੍ਰਸਿੱਧ ਸ਼ਹਿਰ ਲੈਗਜ਼ਿੰਗਟਨ ਵਿਖੇ ਰਾਤੀਂ ਸਾਢੇ ਨੌਂ ਵਜੇ ਬਾਹਰੋਂ ਸੈਰ ਕਰਕੇ ਆਏ ਅਤੇ ਮਾਲਾ ਫੇਰਦੇ ੨-੧੦ ਵਜੇ ਬੀਬੀ ਨੇ ਸੇਠ ਤ੍ਰਲੋਕ ਸਿੰਘ ਜੀ ਦੇ ਪਾਸ ਬੈਠਿਆਂ ਹੀ ਪ੍ਰਾਣ ਤਿਆਗ ਦਿਤੇ । ਉਸ ਸਮੇਂ ਸੇਠ ਜੀ ਨੇ ਅਪਣੇ ਹੱਥੀਂ ਅਪਣੀ ਧਰਮ ਪਤਨੀ ਨੂੰ ਸੰਭਾਲਿਆ, ਅਤੇ ਫੇਰ ਵਿਧੀ ਅਨੁਸਾਰ ਦਾਹ ਸੰਸਕਾਰ ਕੀਤਾ ।

ਅਮਰੀਕਾ ਜੈਸੇ ਦੇਸ਼ ਵਿਚ ਓਥੋਂ ਦੇ ਈਸਾਈਆਂ ਦੇ ਧਰਮ ਤੋਂ ਵਿਪ੍ਰੀਤ ਲਕੜੀਆ ਦੇ ਬਾਲਣ ਨਾਲ ਪੂਰਨ ਗੁਰਮਰਯਾਦਾ ਨਾਲ ਬੀਬੀ ਦੀ ਦੇਹ ਦਾ ਸੰਸਕਾਰ ਕੀਤਾ ਗਿਆ । ਇਹ ਕਰਤਵਯ ਇਸ ਦੇਸ਼ ਵਿਚ ਪਹਿਲੀ ਵਾਰ ਹੀ ਹੋਇਆ ਜੋ ਇਥੋਂ ਦੀਆਂ ਅਖਬਾਰਾਂ ਵਿਚ ਚਰਚਾ ਦਾ ਵਿਸ਼ਯ ਬਣਿਆ ।

**—ਮਹਾਰਾਜ ਬੀਰ ਸਿੰਘ ਜੀ**

ਸਾਡੀ ਪਰਵਾਰਕ ਖੀਣੀ ਵਿਚ ਇਹ ਵਿਦਮਾਨ ਹੈ ਕਿ ਇਸਤਰੀਆਂ ਦੇ ਹੱਥਾਂ ਵਿਚ ਪਤੀ ਗੁਜ਼ਰਦੇ ਹਨ ਤੇ ਇਸਤਰੀਆਂ ਲੰਮਾ ਸਮਾਂ ਰੰਡੇਪਾ ਭੋਗਦੀਆਂ ਹਨ । ਮਹਿੰਦਰ ਕੌਰ ਜੀ ਨੇ ਇਕ ਦਿਨ ਮੈਨੂੰ ਸਪੱਸ਼ਟ ਕੀਤਾ, ਉਹਨਾਂ ਦੀ ਅਰਦਾਸ ਸੁਣੀ ਗਈ ਹੈ ਤੇ ਉਹ ਮੇਰੇ ਹੱਥਾਂ ਵਿਚ ਪ੍ਰਾਣ ਤਿਆਗਣਗੇ । ਪਰ ਏਨਾ ਸਹਿਜ ਭਾ ਜੀਵਨ ਵਿਚੋਂ ਨਵ-ਜੀਵਨ ਲਈ ਵਿਦਾ ਲੈ ਜਾਣਗੇ, ਇਹ ਤਾਂ ਕਿਸੇ ਦੀ ਕਲਪਣਾ ਵਿਚ ਹੀ ਨਹੀਂ ਸੀ । ਹਿੰਦੁਸਤਾਨ ਦੇ ਓਦੋਂ ਦਿਨ ਦੇ ੮-੩੦ ਸਨ ਤੇ ਤਾਰੀਖ ਸੀ ਪਹਿਲੀ ਸਤੰਬਰ ੧੯੮੫ ।

ਮਹਿੰਦਰ ਕੌਰ ਜੀ ਨੇ ਰਾਜ-ਯੋਗੀਆਂ ਵਾਲਾ ਜੀਵਨ ਬਿਤਾਇਆ ਹੈ । ਸਤਿਗੁਰੂ ਜੀ ਅਤੇ ਸੰਗਤ ਦੇ ਚਰਨਾਂ ਦੀ ਸੇਵਕਾ, ਘਰ, ਪਰਵਾਰ ਅਤੇ ਭਾਈਚਾਰੇ ਵਿਚ ਨਿਰਮਾਣ ਰਹਿੰਦਿਆਂ ਵੀ ਸਵਾਭਿਮਾਨਨੀ ।

**—ਸੇਠ ਤ੍ਰਿਲੋਕ ਸਿੰਘ ਚਾਵਲਾ**

ਉਹਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਘਰ ਆਇਆਂ, ਬੇਵਿਤੇ ਚਾਅ ਚੜ੍ਹ ਜਾਂਦੇ ਸਨ ਅਤੇ ਹਰ ਗੱਲ ਵੱਲ ਨੇੜਿਓਂ ਧਿਆਨ ਰਖਦੇ ਸਨ । "ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ਐਥੈ ਮਿਲਨਿ ਵਡਿਆਈਆ ਦਰਗ ਮੋਖ ਦੁਆਰੁ ॥" ਇਹ ਬੀਬੀ ਮਹਿੰਦਰ ਕੌਰ ਜੀ ਦੇ ਵਾਸਤੇ ਹੀ ਤੁਕ ਢੁਕਦੀ ਹੈ । ਉਹਨਾਂ ਦੀਆਂ ਅੰਤ ਸਮੇਂ ਲਈ ਇਛਾਵਾਂ ਵੀ ਸਤਿਗੁਰੂ ਜੀ ਨੇ ਪੂਰਨ ਕੀਤੀਆਂ : ਕਿਸੇ ਨੂੰ ਅਪਣੀ ਸੇਵਾ ਦਾ ਮੌਕਾ ਨਾ ਦੇਣਾ ਅਤੇ ਅੰਤ ਸਮਾਂ ਸੇਠ ਜੀ ਦੇ ਹੱਥਾਂ ਵਿਚ ਹੀ ਆਉਣਾ ।

**—ਸ: ਹਰਵਿੰਦਰ ਸਿੰਘ ਹੰਸਪਾਲ**

ਸੇਠਾਣੀ ਜੀ ਨੂੰ ਗੁਰੂ ਘਰੋਂ ਸੇਵਾ, ਸਿਮਰਨ, ਉਤਸ਼ਾਹ ਅਤੇ ਹੋਰ ਬਹੁਤ ਗੁਣਾਂ ਦੀ ਦਾਤ ਪ੍ਰਾਪਤ ਸੀ । ਬੀਬੀ ਜੀ ਤਿੰਨ ਪਰਕਾਰ ਦੇ ਮਨੁੱਖਾਂ ਵਿਚੋਂ ਉੱਤਮ ਕਿਸਮ ਦੇ ਵਿਅਕਤੀ ਸਨ ਜਿਨ੍ਹਾਂ ਨੂੰ ਗੁਰੂ ਚਰਨਾਂ ਵਿਚ ਬੈਠਣ ਦਾ ਸੁਭਾਗ ਵੀ ਪ੍ਰਾਪਤ ਸੀ ਅਤੇ ਅਪਣੇ ਮੂਲ ਦੀ ਪਛਾਣ ਵੀ ਸੀ । [illegible]ਹਨਾਂ ਦਾ ਆਉਣਾ ਵੀ ਮੁਬਾਰਕ ਹੈ ਜਾਣਾ ਵੀ ਮੁਬਾਰਕ ਹੈ । ਉਹ ਏਨੇ ਸੁਭਾਗੇ ਸਨ ਕਿ ਉਹਨਾਂ ਨੂੰ ਸੱਚੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਪ੍ਰੇਮ ਵੀ ਪ੍ਰਾਪਤ ਹੋਇਆ ਅਤੇ ਮੌਜੂਦਾ ਸਚੇ ਪਾਤਸ਼ਾਹ ਜੀ ਨੇ ਵੀ ਉਹਨਾਂ ਨੂੰ ਰਜਵੀਆਂ ਖੁਸ਼ੀਆਂ ਬਖਸ਼ੀਆਂ ।

**—ਸ: ਮਹਿੰਦਰ ਸਿੰਘ ਸੇਠੀ**

ਇਕ ਸਨਿਮਰ, ਸ਼ਰਧਾਲੂ ਤੇ ਸਾਧਵੀ, ਸੁਚੇਤ ਇਸਤਰੀ ਸਾਡੇ ਵਿਚ ਨਹੀਂ ਰਹੀ ।

ਦੁਨੀਆਂ ਵਿਚੋਂ, ਬੀਬੀ ਮਹਿੰਦਰ ਕੌਰ ਜੀ ਦੇ ਸਦੀਵੀ ਵਿਛੋੜੇ ਨਾਲ ਸਭ ਤੋਂ ਵੱਡੇ ਹਿਰਦੇ ਵਿਦਾਰਕ ਸੱਲ ਦੀ ਚੋਟ ਸੇਠ ਤ੍ਰਿਲੋਕ ਸਿੰਘ ਜੀ ਨੂੰ ਲਗੀ ਹੈ ਜਿਨ੍ਹਾਂ ਦੀ ਪਰਮ ਸੇਵਕ ਅਤੇ ਸਹਾਇਕ, ਸੁਖਾਵੀਂ ਅਤੇ ਪਰਵਾਰਕ ਪ੍ਰਬੰਧਾਂ ਨੂੰ ਸੁਚਾਰੂ ਰੂਪ ਵਿਚ ਰਖਣ ਵਾਲੀ ਜੀਵਨ ਸੰਗਨੀ ਹੁਣ ਮੁੜ ਉਨ੍ਹਾਂ ਦੀ ਦੁਨੀਆਂ ਵਿਚ ਨਹੀਂ ਆਵੇਗੀ । ਇਹ ਅਝੱਲ ਸਦਮਾ ਸੇਠ ਚਾਵਲਾ ਦੇ ਪਰਵਾਰਕ ਜੀਵਨ ਵਿਚ ਇਕ ਕਰਬਲਾ ਪੈਦਾ

Sri Satguru Jagjit Singh Ji eLibrary

NamdhariElibrary@gmail.com

ਕਰ ਦਿੰਦਾ ਜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਕੰਵਲ ਇਸ ਸਾਊ ਤੇ ਸੰਜੀਦਾ ਪਰਵਾਰ ਉਤੇ ਨਾ ਹੁੰਦਾ।

ਸ੍ਰੀ ਸਤਿਗੁਰੂ ਜੀ ਸਾਨੂੰ ਵੇਲੇ ਸਿਰ ਅਜੇਹੀ ਵਿਦਾਰਕ ਚੋਟ ਸਹਿਣ ਲਈ ਭਾਣਾ ਮਿੱਠਾ ਕਰਕੇ ਮੰਨਣ ਲਈ ਪਹਿਲਾਂ ਸੁਚੇਤ ਕਰ ਦਿੰਦੇ ਹਨ :

ਸੰਤ ਮੁਏ ਕਿਆ ਰੋਈਐ ਜੋ ਅਪਨੇ ਗ੍ਰਿਹਿ ਜਾਇ।
ਰੋਵਹੁ ਸਾਕਤ ਬਾਪੁੜੇ ਜੁ ਹਾਟੈ ਹਾਟ ਬਿਕਾਇ।

ਇਸ ਪ੍ਰੀਤੀ ਦੀ ਮੂਲ ਸੁਰ ਬੀਬੀ ਮਹਿੰਦਰ ਕੌਰ ਜੀ ਨੇ ਜਿਉਂ ਦੀ ਤਿਉਂ ਰਖੀ ਹੈ। ਸਤਿਗੁਰੂ ਸਨੇਹ ਨਾਲ ਗੜੂੰਦ ਰਹਿੰਦਿਆਂ ਸਾਧ ਸੰਗਤ ਵਿਚੋਂ ਅਦਨੇ ਤੋਂ ਅਦਨੇ ਸਿੱਖ ਨੂੰ ਵੀ ਆਦਰ ਯੋਗ ਸਮਝ ਸਿਰ ਤੇ ਬੈਠਾਇਆ। ਨਿਰਮਾਣਤਾ ਦੇ ਇਸ ਪੁੰਜ ਨੇ ਪ੍ਰਤਿਭਾ ਨੂੰ ਇਕ ਪਲ ਲਈ ਵੀ ਪਰੋਖਿਆਂ ਨਹੀਂ ਕੀਤਾ। ਖਾਨਦਾਨੀ ਮਾਨ ਮਰਯਾਦਾ ਨੂੰ ਕਾਇਮ ਰਖਦਿਆਂ ਹਰ ਆਏ ਵਿਅਕਤੀ ਨੂੰ ਸੇਵਾ ਸਤਿਕਾਰ ਤੇ ਸਹਾਇਤਾ ਨਾਲ ਸੰਤੁਸ਼ਟ ਕੀਤਾ।

ਕੋਈ ਵਿਰਲੀ ਰੂਹ ਹੀ ਐਸੀ ਭਾਗਵਾਨ ਹੁੰਦੀ ਹੈ ਕਿ ਜਿਸਦੇ ਚਲੇ ਜਾਣ ਨੂੰ ਜਹਾਨ ਸੁੰਨਾ ਸੁੰਨਾ ਲਗਣ ਲਗ ਪਵੇ।

**—ਪ੍ਰੀਤਮ ਸਿੰਘ ਕਵੀ**

ਸੇਠਾਣੀ ਜੀ ਦਾ ਜੀਵਨ ਇਕ ਸੱਚੇ, ਸੁੱਚੇ, ਗੁਰਮੁਖ ਵਾਲਾ ਜੀਵਨ ਹੀ ਸੀ। ਕਿਸੇ ਸਿੱਖ ਸਾਧ ਦੀ ਮਦਦ ਕਰਨਾ ਅਤੇ ਲੋੜਵੰਦ ਦੇ ਕੰਮ ਆਉਣਾ ਆਪ ਦਾ ਸੁਭਾ ਸੀ। ਕਿਸੇ ਦੀ ਸਹਾਇਤਾ ਕਰਨ ਦਾ ਅਵਸਰ ਪ੍ਰਾਪਤ ਕਰਨ ਨੂੰ ਆਪ ਆਪਣਾ ਸੁਭਾਗ ਸਮਝਦੇ ਸਨ।

ਆਪ ਦਾ ਪਰਵਾਰਕ ਅਤੇ ਗ੍ਰਿਹਸਤੀ ਜੀਵਨ ਵੀ ਚਾਨਣ ਮੁਨਾਰੇ ਵਾਂਗ ਰੋਸ਼ਨੀ ਦੇਣ ਵਾਲਾ ਸੀ। ਆਪ ਨੇ ਇਕ ਆਦਰਸ਼ ਪਤਨੀ ਦਾ ਅਮਲੀ ਜੀਵਨ ਜੀਵਿਆ। ਸੇਠ ਤ੍ਰਿਲੋਕ ਸਿੰਘ ਜੀ ਦੀ ਜੀਵਨ ਸਾਥੀ ਦੇ ਰੂਪ ਵਿਚ ਆਪਣੇ ਸਦ ਗੁਣਾਂ ਕਰਕੇ ਹੀ ਪਰਵਾਰਕ ਸੁਖਾਂ ਦਾ ਆਨੰਦ ਮਾਣਿਆ।

**—ਤਾਰਾ ਸਿੰਘ ਅਣਜਾਨ**

ਜਿਵੇਂ ਨਾਲ ਸੰਜੋਗ ਦੇ ਜੋੜ ਜੁੜਿਆ,
ਤ੍ਰਲੋਕ ਸਿੰਘ ਤੇ ਮਹਿੰਦਰ ਪਿਆਰ ਵਾਲਾ।
ਤਿਵੇਂ ਨਾਲ ਵਿਜੋਗ ਦੇ ਟੁੱਟ ਗਿਆ,
ਪੱਕਾ ਜਾਪਦਾ ਜੋ ਧਾਗਾ ਹਾਰ ਵਾਲਾ।
ਐਪਰ ਰਹੇਗਾ ਕਾਇਮ ਨਿਸ਼ਾਨ ਉਸਦਾ,
ਬਾਗ ਲਗਿਆ ਵਡੇ ਪ੍ਰਵਾਰ ਵਾਲਾ।
ਪਤੀ ਪੁਤ੍ਰਾਂ ਲਈ ਸੋਭਾ ਮਹਿਕ ਛਡਕੇ,



ਡੱਬਾ ਲੈ ਗਈ ਨਾਲ ਮਹਿਕਾਰ ਵਾਲਾ।
ਰਹਿਣਾ ਗੁਰੂ ਜਗਜੀਤ ਦੇ ਹੁਕਮ ਅੰਦਰ,
ਇਹ ਪ੍ਰਣ ਨਿਭਿਆ ਇਕਸਾਰ ਉਹਦਾ॥
ਹੋਈ 'ਆਤਮਾ' ਅਮਰ ਮਹਿੰਦਰ ਤਾਹੀਂਏ,
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ॥

**—ਆਤਮਾ ਸਿੰਘ ਸਨਖਤ੍ਰਵੀ**

ਨਾਮਧਾਰੀ ਇਤਿਹਾਸ ਦੇ ਨਵੀਨ ਕਾਲ ਦੇ ਛੋਤੀ ਪਿਛੇ ਵਲ ਝਾਤ ਮਾਰੀਏ ਤਾਂ ਬੀਬੀ ਮਹਿੰਦਰ ਕੌਰ ਇਕ ਬਹੁਤ ਵਿਲੱਖਣ ਸ਼ਖ਼ਸੀਅਤ ਵਜੋਂ ਉਭਰਦੀ ਹੈ। ਇਹ ਉਹਨਾਂ ਸ਼ਖ਼ਸੀਅਤਾਂ ਚੋਂ ਨਹੀਂ ਜੋ ਬਾਰ ਬਾਰ ਸਟੇਜਾਂ ਤੇ ਆਉਣ ਜਾਂ ਅਖਬਾਰੀ ਸੁਰਖੀਆਂ ਵਿਚ ਆਉਣ ਕਰਕੇ ਮਸ਼ਹੂਰ ਹੁੰਦੀਆਂ ਹਨ। ਸਗੋਂ ਇਕ ਅਪਣੇ ਹੀ ਢੰਗ ਦੀ ਨਿਰਮਾਨ ਪਰਮਾਨ ਪ੍ਰਾਪਤੀ ਵਿਅਕਤੀ ਹੈ।

... ... ...

ਅਸਾਂ ਇਸ ਗ੍ਰਿਸਤ ਵਿਚ ਉਦਾਸ ਰਹਿਣ ਵਾਲੇ ਜੋਗੀ ਨੂੰ ਦੇਖਿਆ ਹੈ। ਉਹ ਸਾਧ ਸੰਗਤ ਦੀ ਸੇਵਾਂ ਸਤਿਗੁਰੂ ਦਾ ਅੰਗ ਸਮਝਕੇ ਕਰਦੇ ਸਨ। ਚਿਤੇ ਪਹਿਰ ਸੇਵਾ ਵਿਚ ਲਗੇ ਰਹਿਣਾ। ਜਿਥੇ ਉਹਨਾਂ ਦੁਖ ਜਰ ਕੇ ਸੁਖ ਵਰਤਾਏ ਉਥੇ ਇਹ ਅਧਿਕਾਰ ਵੀ ਪ੍ਰਾਪਤ ਕੀਤਾ ਕਿ ਲੰਮੇ ਸਮੇਂ ਤੱਕ ਸਤਿਗੁਰਾਂ ਦਾ ਨਿਵਾਸ ਆਪਣੇ ਮਨ ਅਤੇ ਮੰਦਿਰ ਵਿਚ ਕਰਵਾਇਆ। ਸਾਧ ਸੰਗਤ ਦੀ ਰਜਵੀਂ ਸੇਵਾ ਕੀਤੀ। ਅਤੇ ਅੰਤ ਆਪਣੇ ਸਵਾਸ ਆਪਣੇ ਪਤੀ ਦੀਆਂ ਬਾਹਾਂ ਵਿਚ ਸੰਪੂਰਨ ਕੀਤੇ। ਉਹਨਾਂ ਦੀਆਂ ਯਾਦਾਂ ਬਾਕੀ ਹਨ ਜੋਗੀ ਦੇ ਆਸਨ ਦੀ ਵਿਭੂਤੀ ਵਾਂਗ।

**—ਜਗਦੀਸ਼ ਸਿੰਘ**

(ਬੀਬੀ ਮਹਿੰਦਰ ਕੌਰ ਚਾਵਲਾ (੧੯੨੫-੧੯੮੫) ਸਪਤਨੀ ਸੇਠ ਤਰਲੋਕ ਸਿੰਘ ਚਾਵਲਾ ਦੀ ਪੰਜਵੀਂ ਬਰਸੀ ੧-੯-੯੦ ਨੂੰ ਚਾਵਲਾ ਪਰਿਵਾਰ ਵਲੋਂ।)


Sri Satguru Jagjit Singh Ji eLibrary NamdhariElibrary@gmail.com

# ਤਿਖਲ

—ਸ਼ਰਨ ਮੱਕੜ—

"ਏ ਲਾਲੀ ਦੀ ਬੱਚੀ। ਉੱਤਰ ਥਲੇ।"

"ਜਾ, ਜਾ ਵੱਡਾ ਆਇਆ। ਕਰ ਲੈ ਜੋ ਕਰਨਾ ਈ, ਨਹੀਂ ਉਤਰਦੀ।"

'ਠਹਿਰ ਉਤਾਰਦਾ ਹਾਂ ਤੈਨੂੰ,' ਕ੍ਰਾਂਤੀ ਨੇ ਅਮਰੂਦ ਦੇ ਪੇੜ ਤੇ ਬੈਠੀ ਆਪਣੀ ਨਿਕੀ ਭੈਣ ਨੂੰ ਧਮਕੀ ਦਿਤੀ। ਜਦੋਂ ਉਹ ਫੇਰ ਵੀ ਦਰਖਤ ਤੋਂ ਹੇਠਾਂ ਨਾ ਉਤਰੀ ਤਾਂ ਉਹਨੇ ਅਮਰੂਦ ਦਾ ਟਾਹਿਣ ਫੜ ਕੇ ਜ਼ੋਰ ਜ਼ੋਰ ਦੀ ਹਿਲਾਉਣਾ ਸ਼ੁਰੂ ਕਰ ਦਿਤਾ। ਲਾਲਸਾ ਸਹਿਮ ਕੇ ਚੀਕਣ ਲੱਗ ਪਈ।

'ਲਾਲੀ ਸੜਾਲੀ।' ਚੀਕਾਂ ਮਾਰਦੀ ਏ। ਠਹਿਰ ਮੈਂ ਹੁਣੇ ਜਾ ਕੇ ਮਾਮਾ ਨੂੰ ਦਸਦਾਂ। ਨਾਲੇ ਆਖਦਾ ਹਾਂ ਤੂੰ ਕੱਚੇ ਅਮਰੂਦ ਖਾ ਰਹੀ ਸੀ।

'ਝੂਠਾ' ਮੈਂ ਕਦੋਂ ਅਮਰੂਦ ਖਾਧਾ। ਕੱਚੇ ਅਮਰੂਦ ਤਾਂ ਸਗੋਂ ਤੂੰ ਰੋਜ਼ ਖਾਂਦਾ ਤੇ ਝੂਠਾ ਨਾਂ ਮੇਰਾ ਲਾਉਂਦਾ। ਮੋਇਆ ਮਰ ਗਿਆ।

'ਮੈਂ ਹੁਣੇ ਜਾ ਕੇ ਮਾਮਾ ਨੂੰ ਆਖਦਾਂ ਨਾਲੇ ਕੱਚੇ ਅਮਰੂਦ ਖਾਂਦੀ ਏ ਤੇ ਨਾਲੇ ਮੈਨੂੰ ਗਾਹਲੀਆਂ ਕਢਦੀ ਏ। ਆਪੇ ਤੈਨੂੰ ਮਾਰ ਪਏਗੀ।

'ਮੋਇਆ ਮਰ ਗਿਆ' ਗੁੱਸਾ ਲਾਲਸਾ ਦੇ ਅੰਦਰੋਂ ਉਬਾਲੇ ਖਾ ਰਿਹਾ ਸੀ। ਲਾਲਸਾ ਹੁਣੇ ਹੁਣੇ ਮਾਮਾ ਨੂੰ ਰਸੋਈ ਵਿਚ ਖੀਰ ਬਣਾਉਂਦਿਆਂ ਦੇਖ ਕੇ ਆਈ ਸੀ। ਅਜ ਉਹਦੀ ਰਮਾ ਮਾਸੀ ਤੇ ਅੰਕਲ ਆ ਰਹੇ ਸਨ। ਮਾਮਾ ਨੂੰ ਰਸੋਈ ਵਿਚ ਰੁੱਝੀ ਦੇਖ ਕੇ ਹੀ ਉਹ ਦਰਖਤ ਉਪਰ ਚੜ੍ਹੀ ਸੀ। ਉਹਨੂੰ ਪਤਾ ਹੀ ਨਾ ਲਗਾ ਕਿ ਕਿਹੜੇ ਵੇਲੇ ਮਾਮਾ ਬਾਹਰ ਆਈ ਸੀ ਤੇ ਉਹਦੇ ਪਿਛੇ ਆ ਕੇ ਖਲੋ ਗਈ ਸੀ। ਲਾਲਸਾ ਨੇ ਮਾਮਾ ਨੂੰ ਦੇਖਿਆ ਨਹੀਂ ਸੀ, ਪਰ ਮਾਮਾ ਨੇ ਆਪਣੇ ਕੰਨਾਂ ਨਾਲ ਉਹਨੂੰ ਭਰਾ ਨੂੰ ਮੋਇਆ ਮਰ ਗਿਆ ਕਹਿੰਦਾ ਸੁਣ ਲੀਤਾ ਸੀ। ਉਹਨੂੰ ਪਤਾ ਸੀ, ਮਾਮਾ ਨੂੰ ਏਸ ਗਾਹਲੀ ਤੋਂ ਬਹੁਤ ਗੁੱਸਾ ਆਉਂਦਾ। ਕਈ ਵਾਰੀ ਉਹ ਏਸ ਗਾਹਲੀ ਕਢਣ ਪਿਛੇ ਮਾਮਾ ਤੋਂ ਮਾਰ ਖਾ ਚੁਕੀ ਸੀ। ਕ੍ਰਾਂਤੀ ਖਿੜਖਿੜ ਹਸ ਰਿਹਾ ਸੀ। ਹੁਣ ਲਾਲੀ ਦੀ ਬੱਚੀ ਦੀ ਖੈਰ ਨਹੀਂ। ਉਹ ਖਚਰਾ ਹਾਸਾ ਹੱਸ ਰਿਹਾ ਸੀ। 'ਲਾਲੀ ਉਤਰ ਥੱਲੇ।' ਮਾਂ ਦੀ ਕੜਕਦੀ ਆਵਾਜ਼ ਸੁਣਕੇ ਸਹਿਮ ਨਾਲ ਉਹਦਾ ਨਿੱਕਾ ਜਿਹਾ ਵਜੂਦ ਕੰਬਿਆ ਤੇ ਦਰਖ਼ਤ ਦੀ ਟਹਿਣੀ ਉਹਦੇ ਹੱਥੋਂ ਛੁੱਟ ਗਈ। ਦਰਖ਼ਤ ਬਹੁਤ ਉਚਾ ਨਹੀਂ ਸੀ, ਨਾਲ਼ੇ ਥੱਲੇ ਰੇਤ ਦੀ ਢੇਰੀ ਲੱਗੀ ਹੋਈ ਸੀ। ਲਾਲਸਾ ਰੇਤ ਉਪਰ ਡਿੱਗ ਪਈ। ਉਹਨੂੰ ਉਠਾਣ ਦੀ ਥਾਂ ਮਾਮਾ ਨੇ ਪੰਜ ਸਤ ਚੁਪੇੜਾਂ ਉਹਦੇ ਮੂੰਹ ਤੇ ਜੜ ਦਿਤੀਆਂ।

'ਤਿਖ਼ਲ' ਮਰ ਗਈ ਡੈਣ। ਖਬਰਦਾਰ ਜੇ ਮੁੜ ਕੇ ਭਰਾ ਨੂੰ ਕਾਹਲੀ ਕੱਢੀ ਤਾਂ ਮੈਂ ਤੇਰੀ ਜੀਭ ਖਿੱਚ ਲਵਾਂਗੀ। ਮਾਮਾ ਆਪਣਾ ਗੁੱਸਾ ਕਢਕੇ ਅੰਦਰ ਚਲੀ ਗਈ। ਰਸੋਈ ਦੇ ਕੰਮ ਵਿਚ ਰੁੱਝੀ ਨੂੰ ਭੁੱਲ ਗਿਆ ਕਿ ਬਾਹਰ ਲਾਲਸਾ ਰੋ ਰਹੀ ਸੀ। ਉਹਨੂੰ ਵੀ ਮਾਂ ਦੇ ਪਿਆਰ ਦੀ ਲੋੜ ਸੀ। ਇਹ ਤਾਂ ਉਹਨੇ ਕਦੇ ਸੋਚਿਆ ਹੀ ਨਹੀਂ ਸੀ, ਤੇ ਨਾ ਹੀ ਕਦੇ ਇਸ ਬਾਰੇ ਸੋਚਣ ਦੀ ਲੋੜ ਮਹਿਸੂਸ ਹੋਈ ਸੀ। ਲਾਲਸਾ ਨੂੰ ਪਿਆਰ ਨਾਲ ਕਿਸ ਵਰਚਾਉਣਾ ਸੀ। ਕ੍ਰਾਂਤੀ ਦੂਰ ਖੜਾ ਉਹਦੇ ਉਪਰ ਦੰਦ ਕੱਢ ਰਿਹਾ ਸੀ। ਉਹਨੂੰ ਛੇੜ ਰਿਹਾ ਸੀ। ਉਹਦੀ ਰੋਂਦੀ ਦੀਆਂ ਰੀਸਾਂ ਲਾ ਰਿਹਾ ਸੀ।

ਮਿਸਿਜ਼ ਸ਼ਕੁੰਤ ਵਰਮਾ ਆਪਣੇ ਕਮਰੇ ਦੀ ਬਾਰੀ ਵਿਚੋਂ ਇਹ ਸਭ ਕੁਝ ਦੇਖ ਰਹੀ ਸੀ। ਅਗੇ ਵੀ ਉਹਦੀਆਂ ਅੱਖਾਂ ਨੇ ਕਈ ਵਾਰ ਅਜੇਹਾ ਕੁਸੈਲਾ ਵਿਤਕਰਾ ਦੇਖਿਆ ਸੀ। ਅਜੇਹੀਆਂ ਨਿਕੀਆਂ ਨਿਕੀਆਂ ਗਲਾਂ ਰੋਜ਼ ਹੁੰਦੀਆਂ ਸਨ। ਉਹ ਕਈ ਵਾਰੀ ਆਪਣੇ ਕਮਰੇ ਦੀ ਬਾਰੀ ਵਿਚ ਬੈਠੀ ਸੋਚਦੀ ਹੁੰਦੀ ਸੀ ਕਿ ਆਖਰ ਇਹ ਫਰਕ ਕਿਉਂ? ਸੁਤੇਲੀ ਮਾਂ ਦਾ ਵਿਤਕਰਾ ਤਾਂ ਉਹਨੇ ਆਪਣੇ ਨਾਨਕੇ ਘਰ ਵਿਚ ਦੇਖਿਆ ਸੀ। ਉਹਦੀ ਮਾਮੀ ਆਪਣੀ ਮਤਰੇਈ ਧੀ ਨਾਲ ਬੁਰਾ ਸਲੂਕ ਕਰਦੀ ਸੀ, ਪਰ ਉਹਦੇ ਨਾਨੀ ਜੀ ਉਹਨੂੰ ਬਹੁਤ ਪਿਆਰ ਕਰਦੇ ਸਨ। ਕੀ ਇਕ ਸਕੀ ਮਾਂ ਵੀ ਇਸ ਤਰ੍ਹਾਂ ਕਰ ਸਕਦੀ ਹੈ? ਇਹ ਸਵਾਲ ਬਾਰ ਬਾਰ ਉਸਦੀ ਸੋਚ ਨਾਲ ਟਕਰਾਉਂਦਾ ਸੀ। ਲਾਲਸਾ ਉਹਨਾਂ ਦੀ ਆਪਣੀ ਧੀ ਸੀ। ਕ੍ਰਾਂਤੀ ਤੇ ਸ਼ਕਤੀ ਵਾਂਗ ਸ਼ਰਾਰਤ ਹਮੇਸ਼ਾਂ ਪਹਿਲਾਂ, ਕ੍ਰਾਂਤੀ ਕਰਦਾ ਸੀ ਤੇ ਮਾਰ ਲਾਲਸਾ ਨੂੰ ਪੈ ਜਾਂਦੀ ਸੀ।

ਸ਼ਕੁੰਤ ਵਰਮਾ ਨੇ ਕਈ ਵਾਰੀ ਲਾਲਸਾ ਦੀ ਮਾਂ ਨੂੰ ਸਮਝਾ ਕੇ ਆਪਣੀ ਦਲੀਲ ਦੇ ਰਾਹ ਤੇ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਲਟਾ ਅਸਰ ਹੁੰਦਾ ਸੀ। ਉਹਦੀਆਂ ਅਖਾਂ ਦੀ ਤਕਣੀ ਉਹਨੂੰ ਘੂਰ ਕੇ ਆਖਦੀ ਕਿ ਉਹ ਤਾਂ ਉਹਨਾਂ ਦੀ ਕਿਰਾਏਦਾਰ ਸੀ, ਕੇਵਲ ਕਿਰਾਏਦਾਰ। ਕਿਰਾਏਦਾਰ ਨੂੰ ਮਾਲਿਕ ਮਕਾਨ ਦੇ ਮਾਮਲਿਆਂ ਵਿਚ ਦਖਣ ਦੇਣ ਦਾ ਕੋਈ ਹੱਕ ਨਹੀਂ। ਸੱਚਮੁੱਚ ਉਹਨੂੰ ਕੋਈ ਅਧਿਕਾਰ ਨਹੀਂ ਸੀ, ਇਹ ਸੋਚ ਕੇ ਉਹ ਚੁੱਪ ਕਰ ਜਾਂਦੀ, ਪਰ ਮਨ ਦਾ ਵਿਦਰੋਹ ਨਾ ਦਬਾ ਸਕਦੀ। ਸ਼ਕੁੰਤ ਦਾ ਫਲੈਟ ਉਪਰ ਸੀ। ਏਸ ਘਰ ਤੋਂ ਬਿਲਕੁਲ ਵੱਖਰਾ, ਏਸ ਘਰ ਨਾਲ ਉਹਦੀ ਸਾਂਝ ਸਿਰਫ ਏਨੀ ਸੀ ਕਿ ਉਹਦੇ ਕਮਰੇ ਦੀਆਂ ਬਾਰੀਆਂ ਮਾਲਕ ਮਕਾਨ ਦੀ ਗਰਾਉਂਡ ਵਲ ਖੁਲ੍ਹਦੀਆਂ ਸਨ। ਬਿਜਲੀ ਜਿਸ ਵੇਲੇ ਬੰਦ ਹੁੰਦੀ ਹਵਾ ਦੇ ਲਾਲਚ ਕਰਕੇ ਉਹਨੂੰ ਏਸੇ ਬਾਰੀ ਅਗੇ



Sri Satguru Jagjit Singh Ji eLibrary NamdhariElibrary@gmail.com

ਹੀ ਬੈਠਣਾ ਪੈਂਦਾ। ਸਰਦੀਆਂ ਵਿਚ ਏਸ ਬਾਰੀ ਵਿਚੋਂ ਧੁੱਪ ਵੀ ਸੇਕੀ ਜਾਂਦੀ ਸੀ। ਏਥੇ ਬੈਠਿਆਂ ਉਹਦਾ ਧਿਆਨ ਹਮੇਸ਼ਾ ਲਾਲਸਾ ਵਲ ਰਹਿੰਦਾ।

ਲਾਲਸਾ ਉਹਨੂੰ ਬਹੁਤ ਪਿਆਰੀ ਸੀ।ਉਹ ਵੀ ਅਕਸਰ ਉਪਰ ਆ ਜਾਂਦੀ ਤੇ ਕਿੰਨੀ ਕਿੰਨੀ ਦੇਰ ਉਹਦੇ ਪੁੱਤਰ ਸੋਨੂੰ ਨਾਲ ਖੇਡਦੀ ਰਹਿੰਦੀ। ਦੋਹਾਂ ਦੀ ਉਮਰ ਵਿਚ ਕਾਫੀ ਫਰਕ ਸੀ। ਸੋਨੂੰ ਸਿਰਫ ਡੇਢ ਸਾਲ ਦਾ ਸੀ ਤੇ ਲਾਲਸਾ ਸੱਤ ਸਾਲ ਸੀ। ਤਾਂ ਵੀ ਦੋਹਾਂ ਵਿਚ ਬਹੁਤ ਬਣਦੀ ਸੀ। ਸੋਨੂੰ ਨਿੱਕੇ ਨਿੱਕੇ ਕਦਮ ਪੁੱਟਦਾ ਉਹਦੇ ਪਿਛੇ ਪਿਛੇ ਆਪਣੀ ਤੋਤਲੀ ਜ਼ਬਾਨ ਨਾਲ ਦੀਦੀ ਦੀਦੀ ਕਰਦਾ ਰਹਿੰਦਾ। ਉਹ ਉਹਨੂੰ ਬਹੁਤ ਪਿਆਰ ਨਾਲ ਖਿਡਾਉਂਦੀ। ਉਹਦੇ ਚਾਬੀ ਵਾਲੇ ਖਿਡੌਣੇ ਚਲਾ ਕੇ ਦਸਦੀ। ਸੋਨੂੰ ਖੁਸ਼ ਹੁੰਦਾ, ਲਾਲਸਾ ਵੀ ਬਹੁਤ ਖੁਸ਼ ਹੁੰਦੀ। ਉਹਦਾ ਬਹੁਤ ਖਿਆਲ ਰਖਦੀ। ਇਕੱਲੇ ਨੂੰ ਪਉੜੀਆਂ ਨਾ ਚੜਣ ਦੇਂਦੀ। ਗੁਸਲਖਾਨੇ ਵੱਲ ਨਾ ਜਾਣ ਦੇਂਦੀ। ਜੇ ਉਹ ਕੋਈ ਚੀਜ਼ ਐਧਰੋਂ ਉਧਰੋਂ ਚੁਕ ਲੈਂਦਾ ਤਾਂ ਬੜੇ ਪਿਆਰ ਨਾਲ ਉਹਦੇ ਹਥੋਂ ਚੀਜ਼ ਫੜਕੇ ਉਹਨੂੰ ਵਰਚਾ ਲੈਂਦੀ।

ਸ਼ਕੁੰਤ ਲਾਲਸਾ ਦੀ ਤੀਖਣ ਬੁੱਧੀ ਤੇ ਉਹਦੇ ਬੀਬੇ-ਪਣ ਤੋਂ ਬਹੁਤ ਖੁਸ਼ ਸੀ। ਉਹ ਉਹਨੂੰ ਸੋਨੂੰ ਦੀ ਤਰ੍ਹਾਂ ਹੀ ਪਿਆਰ ਕਰਦੀ। ਸੋਨੂੰ ਵੀ ਦੀਦੀ ਨਾਲ ਬੈਠਕੇ ਸਭ ਕੁਝ ਖਾ ਪੀ ਲੈਂਦਾ। ਕਈ ਵਾਰੀ ਮਾਂ ਕੋਲੋਂ ਨਾ ਖਾਂਦਾ ਤਾਂ ਲਾਲਸਾ ਹੀ ਉਹਨੂੰ ਖਵਾ ਪਿਲਾ ਦੇਂਦੀ। ਸੋਨੂੰ ਨੂੰ ਚੰਗਾ ਸਾਥੀ ਮਿਲ ਗਿਆ ਸੀ ਤੇ ਸ਼ਕੁੰਤ ਨੂੰ ਵੀ ਲਾਲਸਾ ਦਾ ਬਹੁਤ ਆਸਰਾ ਸੀ। ਉਹਦੇ ਕੋਲ ਹੁੰਦਿਆਂ ਉਹ ਬੇ-ਫਿਕਰੀ ਨਾਲ ਨਹਾ ਧੋ ਸਕਦੀ ਸੀ ਤੇ ਹੋਰ ਕੰਮ ਵੀ ਕਰ ਲੈਂਦੀ ਸੀ।

ਅਜ ਜਦੋਂ ਲਾਲਸਾ ਨੂੰ ਮਾਰ ਪਈ ਤਾਂ ਉਹ ਉਸ ਵੇਲੇ ਬਾਰੀ ਵਿਚ ਬੈਠੀ ਸੀ। ਉਹਨੂੰ ਲੱਗਾ ਜਿਵੇਂ ਉਹ-ਦੀਆਂ ਆਂਦਰਾ ਦਾ ਕੋਈ ਤੁੰਗ ਭਰ ਰਿਹਾ ਸੀ। ਲਾਲਸਾ ਨਾਲ ਹੁੰਦਾ ਵਿਤਕਰਾ ਦੇਖ ਕੇ ਉਹਦਾ ਦਿਲ ਤੜਫਦਾ ਸੀ। ਜਿਸ ਵੇਲੇ ਉਹ ਨੇ ਦੇਖਿਆ ਹੁਣ ਕੋਲ ਕੋਈ ਨਹੀਂ ਸੀ ਉਹਦੀ ਮਾਮਾ ਅੰਦਰ ਸੀ ਤੇ ਕ੍ਰਾਂਤੀ ਵੀ ਖੇਡਣ ਚਲਾ ਗਿਆ ਸੀ। ਲਾਲਸਾ ਦੀ ਦਾਦੀ ਵੀ ਪਿਛਲੇ ਹਫਤੇ ਦੀ ਆਪਣੀ ਧੀ ਵਲ ਗਈ ਹੋਈ ਸੀ, ਉਹ ਥੱਲੇ ਆਈ ਤੇ ਲਾਲਸਾ ਨੂੰ ਚੁੱਕ ਕੇ ਉਪਰ ਲੈ ਗਈ।

ਸ਼ਕੁੰਤ ਨੇ ਸਭ ਤੋਂ ਪਹਿਲਾਂ ਲਾਲਸਾ ਨੂੰ ਪਾਣੀ ਪਿਲਾਇਆ। ਉਹਦਾ ਸਿਰ ਪਲੋਸਿਆ, ਬਾਹਵਾਂ ਵਿਚ ਘੁਟ ਕੇ ਪਿਆਰ ਕੀਤਾ। "ਚੁੱਪ ਰਾਣੀ ਬੇਟੀ ਬੀਬੇ ਬੱਚੇ ਰੋਂਦੇ ਨਹੀਂ ਅਖਾਂ ਖਰਾਬ ਹੋ ਜਾਂਦੀਆਂ ਨੇ।" ਸ਼ਕੁੰਤ ਨੇ ਮਸੂਮ ਲਾਲਸਾ ਨੂੰ ਵਿਲਾਸਾ ਦਿਤਾ। ਮਾਂ ਦੀ ਮਮਤਾ ਵਰਗਾ ਨਿੱਘ ਪਾ ਕੇ ਉਹ ਚੁੱਪ ਕਰਨ ਦੀ ਥਾਂ ਫੁੱਟ ਫੁੱਟ ਕੇ ਰੋ ਪਈ।

"ਆਂਟੀ ਮੈਂ ਕੋਈ ਡੈਣ ਹਾਂ? ਆਂਟੀ ਡੈਣ ਦੇ ਤਾਂ ਲੰਮੇ-ਲੰਮੇ ਦੰਦ ਹੁੰਦੇ ਨੇ। ਲੰਮੇ ਲੰਮੇ ਨਹੁੰ ਤੇ ਕਾਲਾ ਮੂੰਹ। ਉਹ ਆਪਣੇ ਦੰਦਾਂ ਨਾਲ ਆਦਮੀ ਨੂੰ ਖਾਂਦੀ ਏ ਕਿਰਚ ਕਿਰਚ ਕਰਕੇ।" ਉਹਨੇ ਸਹਿਮੀਆਂ ਅੱਖਾਂ ਨਾਲ ਆਂਟੀ ਵੱਲ ਦੇਖਿਆ ਉਹਦੀ ਮਸੂਮ ਚੇਤਨਾ ਪਛਾਣ ਦੇ ਨਕਸ਼ ਲਭ ਰਹੀ ਸੀ। 'ਆਂਟੀ ਮੈਂ ਕੋਈ ਡੈਣ ਹਾਂ?' ਲਾਲਸਾ ਦੇ ਮੂੰਹੋਂ ਨਿਕਲੇ ਇਹ ਬੋਲ ਸ਼ਕੁੰਤ ਦੇ ਵਜੂਦ ਨੂੰ ਭੁਚਾਲ ਦੇ ਝਟਕੇ ਵਾਂਗ ਹਿਲਾ ਗਏ।

"ਨਹੀਂ ਨਹੀਂ ਤੂੰ ਤਾਂ ਰਾਣੀ ਧੀ ਏਂ। ਇਹ ਤੈਨੂੰ ਕਿਸ ਆਖਿਆ।" ਤੇ ਉਹਨੂੰ ਝਟ ਹੀ ਖਿਆਲ ਆਇਆ ਹੁਣੇ ਹੁਣੇ ਤਾਂ ਲਾਲਸਾ ਨੂੰ ਮਾਰ ਪਈ ਸੀ, ਹੁਣੇ ਹੁਣੇ ਉਹਦੀ ਮਾਮਾ ਉਸਨੂੰ ਡੈਣ, ਤਿਖਲ ਆਖ ਰਹੀ ਸੀ। ਡੈਣ ਦਾ ਉਕਰਿਆ ਹੋਇਆ ਇਹ ਰੂਪ, ਉਹ ਵੀ ਇਕ ਮਸੂਮ ਬਾਲ ਦੇ ਮਨ ਤੇ। ਸ਼ਕੁੰਤ ਨੂੰ ਆਪਣਾ ਵਜੂਦ ਕੰਬਦਾ ਹੋਇਆ ਪ੍ਰਤੀਤ ਹੋਇਆ।

'ਲਾਲਸਾ ਬੇਟਾ, ਸ਼ੀਸ਼ਾ ਦੇਖ ਤੂੰ ਕਿੰਨੀ ਸੁੰਦਰ ਏ? ਸਭ ਬੱਚਿਆਂ ਤੋਂ ਵਧ। ਤੈਨੂੰ ਅਜੇਹੀਆਂ ਗੰਦੀਆਂ ਗੱਲਾਂ ਕੌਣ ਦਸਦਾ ਏ।'

"ਸੱਚੀ ਆਂਟੀ ਰਾਤੀਂ ਰੋਜ਼ ਮੈਨੂੰ ਬੜਾ ਡਰ ਲਗਦਾ।"

"ਤੂੰ ਮਾਮਾ ਨੂੰ ਆਖਣਾ ਸੀ।"

"ਆਖਿਆ ਸੀ ਆਂਟੀ, ਪਰ ਮਾਮਾ ਕਹਿੰਦੇ ਸਨ ਤੂੰ ਰਾਤੀ ਪਾਠ ਕਰਿਆ ਕਰ। ਮੈਂ ਰੋਜ਼ ਰਾਤ ਨੂੰ ਪਾਠ ਕਰਦੀ ਆਂ। ਪਰ ਕ੍ਰਾਂਤੀ ਦਾ ਬਚਾ ਬੜਾ ਖਰਾਬ ਹੈ, ਉਹ ਮੈਨੂੰ ਡਰਾਉਂਦਾ। ਜੇ ਮੈਂ ਅੱਖਾਂ ਬੰਦ ਕਰਕੇ ਪਾਠ ਕਰਾਂ ਤਾਂ ਜ਼ੋਰ ਜ਼ੋਰ ਦੀ ਬੋਲਦਾ। ਆਂਟੀ ਮੈਨੂੰ ਬੜਾ ਡਰ ਲਗਦਾ, ਮੈਂ ਤੁਹਾਡੇ ਕੋਲ ਸੌਂ ਜਾਇਆ ਕਰਾਂ।"

"ਹਾਂ, ਹਾਂ, ਬੇਟਾ ਤੂੰ ਤੇ ਸੋਨੂੰ ਦੋਵੇਂ ਇਕੱਠੇ ਸੌਂ ਜਾਇਆ ਕਰੋ। ਸੋਨੂੰ ਤੇਰਾ ਨਿੱਕਾ ਜਿਹਾ, ਪਿਆਰਾ ਜਿਹਾ ਵੀਰ ਏ ਨਾ। ਮੈਂ ਤੈਨੂੰ ਪਰੀ ਦੀ ਕਹਾਣੀ ਸੁਣਾਂਵਾਂਗੀ। ਤੈਨੂੰ ਫੇਰ ਬਿਲਕੁਲ ਡਰ ਨਹੀਂ ਲਗੇਗਾ।"

"ਪਰ ਆਂਟੀ, ਮੈਂ ਸੋਨੂੰ ਕੋਲ ਨਹੀਂ ਸੌਂਵਾਂਗੀ। ਬੇਜੀ ਆਖਦੇ ਸੀ ਤਿਖਲ ਬਚੇ ਬੜੇ ਨਹਿਸ਼ ਹੁੰਦੇ ਨੇ। ਸੱਚੀ ਆਂਟੀ ਬੁਰੇ ਹੁੰਦੇ ਨੇ ਨਾ ਜਿਸ ਤਰ੍ਹਾਂ ਮੈਂ।"

ਅਗੇ ਵੀ ਲਾਲਸਾ ਨੇ ਇਕ ਦੋ ਵਾਰੀ ਇਹੀ ਗਲ ਆਖੀ ਸੀ। ਇਕ ਮਸੂਮ ਦੇ ਮੂੰਹੋਂ ਇੰਨੀ ਭਿਆਨਕ ਗਲ। ਸੋਚਾਂ ਮਿਸਿਜ਼ ਸ਼ਕੁੰਤ ਵਰਮਾ ਦੇ ਦਿਮਾਗ ਦੀ ਕਚੀ ਕੰਧ ਖੁਰਚ ਰਹੀਆਂ ਸਨ।

Sri Satguru Jagjit Singh Ji eLibrary NamdhariElibrary@gmail.com

''ਬੇਟਾ, ਤੈਨੂੰ ਇਹ ਗਲਤ ਗਲਾਂ ਕਿਸ ਨੇ ਸਿਖਾਈਆਂ ਨੇ।''

''ਕਿਸੇ ਨੇ ਨਹੀਂ ਆਂਟੀ। ਮੈਨੂੰ ਆਪੇ ਪਤਾ। ਮਾਮਾ ਵੀ ਮੈਨੂੰ ਏਸੇ ਕਰਕੇ ਮਾਰਦੇ ਨੇ। ਬੀ ਜੀ ਵੀ ਬੜੀਆਂ ਝਿੜਕਾਂ ਦੇਂਦੇ ਨੇ। ਕ੍ਰਾਂਤੀ ਨੂੰ ਕੁਝ ਨਹੀਂ ਆਖਦੇ। ਸ਼ਕਤੀ ਵੀਰ ਨੂੰ ਵੀ ਕੋਈ ਨਹੀਂ ਮਾਰਦਾ ਆਂਟੀ ਮੈਂ ਤਿਖ਼ਲ ਜੋ ਹਾਂ। ਬੇ ਜੀ ਆਖਦੇ ਨੇ ਮੈਂ ਵੀਰ ਨੂੰ ਵੀ ਤੇ ਚਾਚੇ ਨੂੰ ਵੀ ਜੰਮਦਿਆਂ ਹੀ ਖਾ ਗਈ।'' ਲਾਲਸਾ ਦੀਆਂ ਅਖਾਂ ਵਿਚ ਬੇਬਸੀ ਦੇ ਅੱਥਰੂ ਸਨ ਤੇ ਥਿੜਕਦੇ ਬੋਲਾਂ ਵਿਚ ਲਚਾਰੀ।

''ਆਂਟੀ ਮੈਂ ਸੱਚੀ ਮੁੱਚੀ ਉਹਨਾਂ ਨੂੰ ਖਾ ਗਈ ਸੀ, ਪਰ ਮੇਰੇ ਤਾਂ ਲੰਮੇ ਦੰਦ ਨਹੀਂ।'' ਲਾਲਸਾ ਦੀ ਮਸੂਮੀਅਤ ਦਾ ਕਿਸ ਤਰ੍ਹਾਂ ਕਤਲ ਹੋ ਰਿਹਾ ਸੀ। ਉਹਦੀ ਭੋਲੀ ਭਾਲੀ ਚੇਤਨਾ ਉਪਰ ਕਿੰਨੇ ਭਾਰੀ ਭਾਰੀ ਪੱਥਰ ਸਨ। ਇਕ ਬਾਲ ਉਪਰ ਏਨਾ ਵਡਾ ਇਲਜ਼ਾਮ। ਉਹਨਾਂ ਦੋਹਾਂ ਦਾ ਤਾਂ ਐਕਸੀਡੈਂਟ ਹੋਇਆ ਸੀ। ਪਰ ਮਹਲੇ ਵਾਲੇ ਤਾਂ ਕੁਝ ਹੋਰ ਵੀ ਆਖਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਇਹ ਐਕਸੀਡੈਂਟ ਨਹੀਂ ਸੀ ਹੋਇਆ ਉਹ ਤਾਂ ਕਤਲ ਦਾ ਕੇਸ ਸੀ ਜਿਸ ਦੀ ਪੈਰਵੀ ਇਹਨਾਂ ਨੇ ਕੀਤੀ ਨਹੀਂ ਸੀ। ਲਾਲਸਾ ਦਾ ਚਾਚਾ ਤੇ ਉਹਦੇ ਕੁਝ ਦੋਸਤ ਸਮਗਲਿੰਗ ਕਰਦੇ ਸਨ। ਏਸੇ ਕਾਲੇ ਵਪਾਰ ਵਿਚੋਂ ਉਹਨਾਂ ਨੇ ਬਹੁਤ ਪੈਸਾ ਕਮਾ ਲਿਆ ਸੀ। ਪਹਿਲਾਂ ਉਹਨਾਂ ਦਾ ਸ਼ਹਿਰ ਵਿਚ ਛੋਟਾ ਜਿਹਾ ਮਕਾਨ ਸੀ ਤੇ ਮਾਮੂਲੀ ਕਾਰੋਬਾਰ ਜਿਸ ਦਿਨ ਦਾ ਲਾਲਸਾ ਦੇ ਚਾਚੇ ਨੇ ਨਵਾਂ ਵਪਾਰ ਸ਼ੁਰੂ ਕੀਤਾ ਸੀ, ਨਿਕੇ ਜਿਹੇ ਮਕਾਨ ਦੀ ਥਾਂ ਤੇ ਦੋ ਮੰਜ਼ਲੀ ਕੋਠੀ ਬਣ ਗਈ। ਕਾਰ ਸੀ, ਜ਼ਮੀਨ ਉਹਨਾਂ ਨੇ ਖਰੀਦ ਲਈ ਸੀ। ਇਕ ਫੈਕਟਰੀ ਬਣ ਗਈ ਸੀ ਤੇ ਦੂਜੀ ਬਣ ਰਹੀ ਸੀ।

ਜਿਸ ਦਿਨ ਲਾਲਸਾ ਪੈਦਾ ਹੋਈ, ਉਹਦੀ ਮਾਮਾ ਹਸਪਤਾਲ ਸੀ। ਉਹਦੇ ਚਾਚੇ ਨੂੰ ਕੋਈ ਟੈਲੀਫੂਨ ਆਇਆ ਤੇ ਉਹ ਰੋਟੀ ਵਿਚੇ ਛਡ ਕੇ ਬਾਹਰ ਚਲਾ ਗਿਆ। ਗਰਾਜ ਵਿਚ ਕਾਰ ਨਹੀਂ ਸੀ ਉਹ ਸਕੂਟਰ ਲੈਕੇ ਬਾਹਰ ਨਿਕਲਿਆ। ਲਾਲਸਾ ਦਾ ਵਡਾ ਭਰਾ ਹਸਪਤਾਲ ਮਾਮਾ ਪਾਸ ਜਾਣਾ ਚਾਹੁੰਦਾ ਸੀ। ਚਾਚਾ ਭਤੀਜਾ ਇਕਠੇ ਬੈਠੇ ਸਨ ਕਿ ਮੌਤ ਨੇ ਆ ਘੇਰਿਆ। ਘਰੋਂ ਬਾਹਰ ਨਿਕਲਦਿਆਂ ਹੀ ਇਕ ਤੇਜ਼ ਰਫਤਾਰ ਟਰਕ ਉਹਨਾਂ ਨੂੰ ਸਕੂਟਰ ਸਮੇਤ ਕੁਚਲ ਗਿਆ।

ਇਕ ਦਿਨ ਦੀ ਕੁੜੀ ਨੂੰ ਉਸੇ ਤਰ੍ਹਾਂ ਹਸਪਤਾਲ ਛੱਡ ਕੇ ਉਹਦੀ ਮਾਮਾ ਰੋਂਦੀ ਕਲਪਦੀ ਘਰ ਆ ਗਈ। ਉਹਦੀ ਰਮਾ ਮਾਸੀ ਉਹਨੂੰ ਹਸਪਤਾਲ ਤੋਂ ਆਪਣੇ ਨਾਲ ਲੈ ਗਈ ਸੀ ਤੇ ਲਾਲਸਾ ਚਾਰ ਸਾਲ ਆਪਣੀ ਮਾਸੀ ਪਾਸ ਹੀ ਰਹੀ ਸੀ। ਘਰ ਵਿਚ ਕਿਸੇ ਨੇ ਉਹਨੂੰ ਲਿਆਉਣ ਦੀ ਜ਼ਰੂਰਤ [illegible] ਗਈ ਤਾਂ

ਉਹਦੀ ਮਾਮਾ ਉਹਨੂੰ ਆਪਣੇ ਨਾਲ ਲੈ ਆਈ। ਏਥੇ ਆ ਕੇ ਲਾਲਸਾ ਨੂੰ ਖਾਣ ਦੀ, ਪਹਿਨਣ ਦੀ ਕੋਈ ਕਮੀ ਨਹੀਂ ਸੀ, ਪਰ ਨਾਨਕੇ ਘਰ ਵਾਲਾ ਲਾਡ ਪਿਆਰ ਨਹੀਂ ਸੀ। ਇਕ ਮਸੂਮ ਬਾਲ ਇਨਸਾਫ਼ ਲਈ ਕਿਸ ਅਦਾਲਤ ਦਾ ਬੂਹਾ ਖੜਕਾਉਂਦਾ। ਉਹਦੇ ਲਈ ਸਨੇਹ ਦੇ ਸਭ ਦਰਵਾਜ਼ੇ ਬੰਦ ਸਨ। ਉਹਦੇ ਹਰ ਦਰਵਾਜ਼ੇ ਦੇ ਬਾਹਰ ਤਿਖ਼ਲ ਦੀ ਤਖਤੀ ਲਗੀ ਹੋਈ ਸੀ ਤੇ ਦਰਵਾਜ਼ੇ ਦੇ ਬਾਹਰ ਸਹਿਮ ਦੀ ਡੈਣ ਪਹਿਰਾ ਦੇ ਰਹੀ ਸੀ, ਜਿਹੜੀ ਤਿਖੇ ਤਿਖੇ ਦੰਦਾਂ ਨਾਲ ਬੰਦੇ ਨੂੰ ਕਿਚਰ ਕਿਚਰ ਕਰਕੇ ਖਾ ਜਾਂਦੀ ਹੈ।

ਸ਼ਕੁੰਤ ਵਰਮਾ ਨੂੰ ਆਪਣੇ ਆਸ ਪਾਸ ਸਭ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆ ਰਿਹਾ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ, ਏਸ ਅੰਧਕਾਰ ਵਿਚੋਂ ਲਾਲਸਾ ਨੂੰ ਕਿਵੇਂ ਕਢੇ। ਅਚਾਨਕ ਰੋਸ਼ਨੀ ਦੀ ਇਕ ਕਿਰਨ ਦਿਖਾਈ ਦਿਤੀ। ਉਸਨੂੰ ਖਿਆਲ ਆਇਆ ਹੁਣੇ ਹੁਣੇ ਲਾਲਸਾ ਆਖ ਰਹੀ ਸੀ ਅਜ ਉਹਦੀ ਰਮਾ ਮਾਸੀ ਤੇ ਅੰਕਲ ਆ ਰਹੇ ਹਨ।

ਲਾਲਸਾ ਦੀ ਰਮਾ ਮਾਸੀ ਜਿਹੜੀ ਇਕ ਦਿਨ ਦੀ ਮਸੂਮ ਕੁੜੀ ਨੂੰ ਆਪਣੇ ਨਾਲ ਲੈ ਗਈ ਸੀ ਤੇ ਉਹਨੂੰ ਆਪਣੇ ਜਿਗਰ ਦੇ ਟੁਕੜੇ ਵਾਂਗ ਉਸਨੇ ਚਾਰ ਸਾਲ ਆਪਣੇ ਪਾਸ ਰਖਿਆ ਸੀ। ਜਦੋਂ ਵੀ ਰਮਾ ਉਹਦੇ ਲਈ ਕੋਈ ਨਵੀਂ ਫਰਾਕ ਜਾਂ ਸਵੈਟਰ ਬੁਣ ਕੇ ਭੇਜਦੀ ਉਹ ਫਰਾਕ ਪਾਕੇ ਬਹੁਤ ਖੁਸ਼ ਹੁੰਦੀ। ਸਭ ਨੂੰ ਦਿਖਾਂਦੀ। ਕ੍ਰਾਂਤੀ ਜ਼ਰੂਰ ਉਸ ਦਿਨ ਉਹਦੇ ਨਾਲ ਲੜਦਾ। ਕਦੇ ਉਹ ਨਵੀਂ ਫਰਾਕ ਨੂੰ ਚਿੱਕੜ ਵਾਲੇ ਹੱਥ ਲਾ ਦੇਂਦਾ। ਕਦੇ ਸਿਆਹੀ ਰੋੜ੍ਹ ਦੇਂਦਾ। ਕਦੇ ਉਹਦੀ ਗੁੱਡੀ ਦੀ ਲਤ ਤੋੜ ਦੇਂਦਾ ਤੇ ਉਲਟਾ ਮਾਮਾ ਨੂੰ ਜਾ ਕੇ ਝੂਠੀ ਸ਼ਕਾਇਤ ਲਾ ਦੇਂਦਾ। ਕ੍ਰਾਂਤੀ ਨੂੰ ਲਾਲਸਾ ਨਾਲ ਈਰਖਾ ਸੀ। ਜਿਹੜੀ ਆਪਣਾ ਰੰਗ ਵਟਾਉਂਦੀ ਹੋਈ ਬਾਰ ਬਾਰ ਲਾਲਸਾ ਨੂੰ ਪੀੜਤ ਕਰਦੀ ਸੀ। ਮਾਸੀ ਦੀਆਂ ਭੇਜੀਆਂ ਹੋਈਆਂ ਚੀਜ਼ਾਂ ਉਹਦੀਆਂ ਅਖਾਂ ਵਿਚ ਰੜਕਦੀਆਂ ਸਨ। ਲਾਲਸਾ ਜਦੋਂ ਦੀ ਏਥੇ ਆਈ ਸੀ, ਉਹਦੇ ਕੰਨਾਂ ਨੇ ਤਿਖ਼ਲ ਡੈਣ, ਨਹਿਸ਼ ਤੇ ਹੋਰ ਕਈ ਅਜਿਹੇ ਲਫਜ਼ ਸੁਣੇ ਸਨ, ਜਿਹੜੇ ਉਸ ਦੀ ਚੇਤਨਾ ਉਪਰ ਕੋਹਰਾ ਬਣਕੇ ਜੰਮ ਗਏ ਸਨ ਤੇ ਉਹ ਹੀਨਤਾ ਦਾ ਸ਼ਿਕਾਰ ਹੋ ਗਈ ਸੀ।

''ਲਾਲਸਾ ਬੇਟੀ, ਤੇਰੀ ਰਮਾ ਮਾਸੀ ਆਏਗੀ ਨਾ, ਤੂੰ ਉਹਨੂੰ ਲੈ ਕੇ ਉਪਰ ਆਵੀਂ। ਮੈਂ ਉਹਨੂੰ ਆਖਾਂਗੀ, ਫੇਰ ਕ੍ਰਾਂਤੀ ਤੈਨੂੰ ਤੰਗ ਨਹੀਂ ਕਰੇਗਾ. ਮਾਮਾ ਵੀ ਨਹੀਂ ਮਾਰੇਗੀ।''

ਸ਼ਕੁੰਤ ਨੂੰ ਆਪਣੀ ਏਸ ਸੋਚਣੀ ਦੀ ਡੰਗੋਰੀ ਫੜਕੇ ਲਗਾ ਜਿਵੇਂ ਲਾਲਸਾ ਤਾਂ ਸੁਨਹਿਰੀ ਵਾਲਾਂ ਵਾਲੀ ਸੁੰਦਰ ਸ਼ਹਿਜ਼ਾਦੀ ਸੀ, ਜਿਹੜੀ ਕਿਸੇ ਜਿੰਨ ਦੀ ਕੈਦ ਵਿਚ ਸੀ। ਹੁਣ ਚਿੱਟੇ ਘੋੜੇ ਉਤੇ ਇਕ ਬਾਂਕਾ ਨੌਜਵਾਨ ਉਸ ਸੁੰਦਰ ਸ਼ਹਿਜ਼ਾਦੀ ਨੂੰ ਜਿੰਨ ਦੀ ਕੈਦ ਵਿਚੋਂ ਛੁਡਾਉਣ ਲਈ ਆ ਸੀ।

੭—ਦਇਆ ਨੰਦ ਨਗਰ
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਰੂਸੀ ਕਹਾਣੀ

# ਜਿਨਿ ਪ੍ਰੇਮ ਕੀਉ

ਮੂਲ ਲੇਖਕ : ਤਾਲਸਤਾਏ



ਲਿਉ ਤਾਲਸਤਾਏ

ਇਕ ਨਗਰ ਵਿਚ ਇਕ ਮੋਚੀ ਰਹਿੰਦਾ ਸੀ। ਉਸਦਾ ਨਾਂ ਸੀ ਮਾਰਤਿਨ ਅਦਵੇਚ। ਇਕ ਤਹਿਖ਼ਾਨੇ ਵਿਚ ਉਸ ਪਾਸ ਇਕ ਨਿੱਕਾ ਜਿਹਾ ਕਮਰਾ ਸੀ ਜਿਸ ਦੀ ਇਕ ਬਾਰੀ ਉੱਪਰ ਵੀਹੀ ਵੱਲ ਨੂੰ ਖੁਲ੍ਹਦੀ ਸੀ। ਇਸ ਬਾਰੀ ਦੁਆਰਾ ਗਲੀ ਵਿਚ ਲੰਘਣ ਵਾਲਿਆਂ ਦੇ ਕੇਵਲ ਪੈਰ ਹੀ ਦੇਖੇ ਜਾ ਸਕਦੇ ਸਨ ਪਰ ਮਾਰਤਿਨ ਲੋਕਾਂ ਨੂੰ ਉਹਨਾਂ ਦੇ ਬੂਟਾਂ ਤੋਂ ਹੀ ਪਹਿਚਾਣ ਲੈਂਦਾ ਸੀ ਕਿ ਕੌਣ ਲੰਘਿਆ ਹੈ। ਉਹ ਇਥੇ ਦੇਰ ਤੋਂ ਰਹਿ ਰਿਹਾ ਸੀ ਅਤੇ ਉਸਦੀ ਚੋਖੀ ਜਾਣ ਪਹਿਚਾਣ ਸੀ। ਆਂਢ ਗੁਆਂਢ ਵਿਚ ਸ਼ਾਇਦ ਹੀ ਕੋਈ ਜੋੜੀ ਬੂਟਾਂ ਦੀ ਹੋਵੇਗੀ ਜੇਹੜੀ ਇਕ ਜਾਂ ਦੋ ਵਾਰੀ ਉਸਦਿਆਂ ਹੱਥਾਂ ਵਿਚ ਦੀ ਨਾ ਲੰਘੀ ਹੋਵੇਗੀ। ਇਸ ਤਰ੍ਹਾਂ ਉਹ ਖ਼ੁਦ ਆਪਣੇ ਹੱਥਾਂ ਦਾ ਕੀਤਾ ਕੰਮ ਅਕਸਰ ਬਾਰੀ ਦੁਆਰਾ ਦੇਖਦਾ ਰਹਿੰਦਾ ਸੀ। ਕਿਸੇ ਦੇ ਉਸਨੇ ਤਲੇ ਲਗਾਏ ਹੁੰਦੇ, ਕਿਸੇ ਨੂੰ ਟਾਕੀ ਜੜੀ ਹੁੰਦੀ, ਕਿਸੇ ਦੀ ਸਿਲਾਈ ਕੀਤੀ ਹੁੰਦੀ ਅਤੇ ਕਿਸੇ ਕਿਸੇ ਦੇ ਤਾਂ ਤਲਿਆਂ ਤੇ ਉਪਰਲਾ ਸਭ ਕੁਝ ਹੀ ਉਸਦਾ ਜੜਿਆ ਹੋਇਆ ਹੁੰਦਾ ਸੀ। ਉਸਦੇ ਪਾਸ ਕਾਫ਼ੀ ਕੰਮ ਆਉਂਦਾ ਸੀ ਕਿਉਂ ਜੋ ਉਹ ਵਧੀਆ ਕਾਰੀਗਰ ਸੀ, ਚੰਗਾ ਚਮੜਾ ਵਰਤਦਾ ਸੀ, ਬਹੁਤੇ ਵਧ ਪੈਸੇ ਨਹੀਂ ਸੀ ਲੈਂਦਾ ਅਤੇ ਉਂਞ ਵੀ ਉਹ ਭਰੋਸੇ ਯੋਗ ਕੰਮ ਕਰਦਾ ਸੀ। ਜੇਹੜਾ ਕੰਮ ਉਹ ਲੋੜੀਂਦੇ ਸਮੇਂ ਕਰਕੇ ਦੇ ਸਕਦਾ ਸੀ ਉਸੇ ਨੂੰ ਹੱਥ ਪਾਂਦਾ ਸੀ, ਨਹੀਂ ਤਾਂ ਉਹ ਜੁਵਾਬ ਦੇ ਦਿੰਦਾ ਸੀ, ਝੂਠੇ ਲਾਰੇ ਨਹੀਂ ਸੀ ਲਾਂਦਾ। ਇਸ ਲਈ ਉਸਦੇ ਕੰਮਕਾਰ ਦੀ ਪਰਸਿੱਧੀ ਸੀ ਤੇ ਕਦੇ ਕੰਮ ਦਾ ਮੰਦਾ ਨਹੀਂ ਸੀ ਆਇਆ।

ਮਾਰਤਿਨ ਹਮੇਸ਼ਾ ਤੋਂ ਇਕ ਭਲਾ ਲੋਕ ਰਿਹਾ ਸੀ, ਪਰ ਬੁਢਾਪੇ ਵਿਚ ਪੁੱਜ ਕੇ ਤਾਂ ਉਸਨੂੰ ਆਪਣੀ ਆਤਮਾ ਬਾਰੇ ਅਤੇ ਪਰਮਾਤਮਾ ਦੇ ਨਿਕਟ ਹੋ ਜਾਣ ਬਾਰੇ ਚਿੰਤਾ ਕੁਝ ਵਧੇਰੇ ਹੀ ਹੋ ਗਈ ਸੀ। ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਜਦੋਂ ਉਹ ਕਿਸੇ ਹੋਰ ਦੇ ਪਾਸ ਕੰਮ ਕਰਦਾ ਹੁੰਦਾ ਸੀ, ਤਾਂ ਉਸਦੀ ਪਤਨੀ ਪਿਛੇ ਇਕ ਤਿੰਨ ਵਰ੍ਹਿਆਂ ਦਾ ਪੁੱਤਰ ਛੱਡਕੇ ਪਰਲੋਕ ਸਿਧਾਰ ਗਈ ਸੀ। ਉਸਦੇ ਪਹਿਲੇ ਬੱਚਿਆਂ 'ਚੋਂ ਕੋਈ ਵੀ ਜੀਵਤ ਨਹੀਂ ਸੀ ਰਿਹਾ, ਸਾਰੇ ਨਿੱਕੀ ਉਮਰਾਂ ਵਿਚ ਹੀ ਚੱਲ ਵਸੇ ਸਨ। ਪਹਿਲਾਂ ਤਾਂ ਮਾਰਤੀਨ ਨੇ ਨਿੱਕੇ ਨੂੰ ਆਪਣੀ ਭੈਣ ਪਾਸ ਪਿੰਡ ਭੇਜ ਦੇਣ ਬਾਰੇ ਸੋਚਿਆ ਸੀ। ਪਰ ਫੇਰ ਉਸਨੂੰ ਪੁੱਤਰ ਦਾ ਵਿਛੋੜਾ ਅਸਹਿ ਪਰਤੀਤ ਹੋਇਆ ਅਤੇ ਸੋਚਿਆ ਕਿ ਨਿੱਕੇ ਕਾਪੀਤਾਨ ਲਈ ਓਪਰੇ ਪਰਿਵਾਰ ਵਿਚ ਪਲਨਾ ਮੁਸ਼ਕਿਲ ਹੋਵੇਗਾ, ਮੈਂ ਉਸ ਨੂੰ ਆਪਣੇ ਹੀ ਪਾਸ ਰੱਖਾਂਗਾ।

ਮਾਰਤੀਨ ਨੇ ਆਪਣੇ ਮਾਲਿਕ ਪਾਸੋਂ ਕੰਮ ਛੱਡ ਕੇ ਆਪਣੇ ਨਿੱਕੇ ਪੁੱਤਰ ਨਾਲ ਰਹਿਣਾ ਸ਼ੁਰੂ ਕਰ ਦਿਤਾ। ਪਰ ਆਪਣੇ ਬੱਚਿਆਂ ਦੇ ਸੰਬੰਧ ਵਿਚ ਉਸਦੀ ਕਿਸਮਤ ਮਾੜੀ ਹੀ ਸੀ। ਜਿਉਂ ਹੀ ਮੁੰਡਾ ਹੁੰਦੜਹੇਲ ਹੋਇਆ ਅਤੇ ਕੰਮਕਾਰ ਵਿਚ ਪਿਤਾ ਦਾ ਹੱਥ ਵਟਾਣ ਦੀ ਉਮਰ ਆਈ ਤਾਂ ਉਹ ਬੀਮਾਰ ਪੈ ਗਿਆ, ਇਕ ਹਫ਼ਤਾ ਅੰਤਾਂ ਦੇ ਬੁਖ਼ਾਰ ਤੋਂ ਮਗਰੋਂ ਉਹ ਦਮ ਤੋੜ ਗਿਆ। ਮਾਰਤੀਨ ਨੇ ਪੁੱਤਰ ਨੂੰ ਦਫ਼ਨਾ ਦਿਤਾ ਅਤੇ ਇਤਨਾ ਦੁਖੀ ਅਤੇ ਉਦਰ ਗਿਆ ਕਿ ਰੱਬ ਦੇ ਵਿਰੁਧ ਭੜਾਸ ਕੱਢਣ ਡਹਿ ਪਿਆ। ਦੁਖੀ ਚਿੱਤ ਹੋ ਕੇ ਉਹ ਵਾਰ ਵਾਰ ਆਪਣੀ ਮੌਤ ਬਾਰੇ ਅਰਦਾਸਾਂ ਕਰਦਾ, ਰੱਬ ਨੂੰ ਆਪਣੇ ਪੁੱਤਰ ਦੀ ਮੌਤ ਬਾਰੇ ਉਲਾਂਭੇ ਮਹਿਣੇ ਦਿੰਦਾ ਕਿ ਉਸਦਾ ਪਿਆਰਾ ਪੁੱਤਰ ਉਠਦੀ ਉਮਰ ਵਿਚ ਹੀ ਮਾਰ ਛਡਿਆ। ਜਦੋਂ ਕਿ ਉਹ ਖ਼ੁਦ ਆਪ, ਇਕ ਬੁਢਾ ਬੰਦਾ, ਅਜੇ ਜੀ ਰਿਹਾ ਹੈ। ਇਸਤੋਂ ਬਾਅਦ ਮਾਰਤੀਨ ਨੇ ਗਿਰਜੇ ਜਾਣਾ ਵੀ ਛੱਡ ਦਿੱਤਾ।

ਇਕ ਦਿਨ ਮਾਰਤੀਨ ਦੇ ਜੱਦੀ ਪਿੰਡ ਤੋਂ ਇਕ ਬਜ਼ੁਰਗ, ਜੋ ਕਿ ਬੀਤੇ ਅੱਠ ਵਰ੍ਹਿਆਂ ਤੋਂ ਤੀਰਥ ਯਾਤਰਾ ਤੇ ਗਿਆ ਹੋਇਆ ਸੀ, ਤਰੋਈਤਸਾ ਖਾਨਗਾਹ ਤੋਂ ਉਸਦੇ ਪਾਸ ਆਇਆ। ਮਾਰਤੀਨ ਨੂੰ ਉਸਨੇ ਆਪਣੀ ਸਾਰੀ ਵਿਥਿਆ ਸੁਣਾ ਕੇ ਆਪਣਾ ਮੰਨ ਹੌਲਾ ਕੀਤਾ। "ਭਗਤ ਜੀ, ਹੁਣ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਜੀਣ ਦੀ ਕੋਈ ਚਾਹ ਨਹੀਂ ਰਹੀ", ਉਸ ਨੇ ਕਿਹਾ। "ਹੁਣ ਤਾਂ ਰੱਬ ਅਗੇ ਮੇਰੀ ਇਹੋ ਅਰਦਾਸ ਹੈ ਕਿ ਮੈਨੂੰ ਚੁੱਕ ਲਵੇ। ਹੁਣ ਸੰਸਾਰ ਵਿਚ ਮੇਰੀ ਕੋਈ ਢੋਈ ਨਹੀਂ ਹੈ।"

ਬਜ਼ੁਰਗ ਨੇ ਉਤਰ ਦਿਤਾ, "ਮਾਰਤੀਨ ਤੈਨੂੰ ਇਹ ਕੁਝ ਕਹਿਣ ਦਾ ਕੋਈ ਅਧਿਕਾਰ ਨਹੀਂ ਹੈ। ਅਸੀਂ ਰੱਬ ਦੀ ਰਜ਼ਾ ਨੂੰ, ਉਸਦੇ ਭਾਣੇ ਨੂੰ ਸਮਝਣ ਦੇ ਸਮਰਥ ਨਹੀਂ ਹਾਂ। ਪਤਾ ਨਹੀਂ ਉਹ ਕੇਹੜੀ ਗੱਲੋਂ ਰਾਜ਼ੀ ਹੈ। ਇਹ ਸਭ ਉਸਦੀ ਖੇਡ ਹੈ। ਜੇਕਰ ਉਸ ਦੀ ਰਜ਼ਾ ਹੈ ਕਿ ਤੇਰਾ ਪੁੱਤਰ ਮਰੇ ਤੇ ਤੂੰ ਜਿਉਂਦਾ ਰਹੇਂ ਤਾਂ ਇਸ ਵਿਚ ਵੀ ਕੋਈ ਬਹਿਤਰੀ ਹੋਵੇਗੀ। ਜਿਥੋਂ ਤੱਕ ਤੇਰੇ ਦੁਖੀ ਹੋਣ ਦੀ ਗੱਲ ਹੈ—ਇੰਞ ਪਰਤੀਤ ਹੁੰਦਾ ਹੈ ਕਿ ਤੂੰ ਕੇਵਲ ਆਪਣੀ ਖ਼ੁਸ਼ੀ ਦੇ ਲਈ ਹੀ ਜੀਣਾ ਲੋਚਦਾ ਹੈਂ।

"ਹੋਰ ਬੰਦਾ ਕਾਹਦੇ ਲਈ ਜੀਵੇ ?" ਮਾਰਤੀਨ ਨੇ ਪੁਛਿਆ।

"ਰੱਬ ਦੇ ਲਈ ਮਾਰਤੀਨ।" ਬਜ਼ੁਰਗ ਨੇ ਕਿਹਾ। "ਉਸਨੇ ਤੈਨੂੰ ਜੀਵਨ ਦਿਤਾ ਹੈ ਅਤੇ ਤੈਨੂੰ ਉਸੇ ਲਈ ਜੀਣਾ ਹੋਵੇਗਾ। ਜਦੋਂ ਤੂੰ ਉਹਦੇ ਲਈ ਜੀਣਾ ਸਿਖ ਜਾਵੇਂਗਾ ਤਾਂ ਤੂੰ ਦੁਖੀ ਨਹੀਂ ਰਹੇਂਗਾ ਅਤੇ ਤੈਨੂੰ ਸ਼ਾਂਤੀ ਹੀ ਸ਼ਾਂਤੀ ਦਾ ਅਨੁਭਵ ਹੋਵੇਗਾ।"

ਮਾਰਤੀਨ ਪੱਲ ਲਈ ਚੁੱਪ ਰਿਹਾ, ਫੇਰ ਪੁਛਿਆ, "ਪਰ ਬੰਦਾ ਰੱਬ ਦੇ ਲਈ ਕਿਸ ਪਰਕਾਰ ਜੀਵੇ ?"

ਬਜ਼ੁਰਗ ਨੇ ਉਤਰ ਵਿਚ ਕਿਹਾ, "ਬੰਦਾ ਰੱਬ ਦੇ ਲਈ ਕਿਵੇਂ ਜੀਵੇ ਇਹ ਸਾਨੂੰ ਈਸਾ ਨੇ ਦਰਸਾਇਆ ਹੋਇਆ ਹੈ। ਕੀ ਤੂੰ ਪੜ੍ਹ ਸਕਦਾ ਹੈਂ ? ਤਾਂ ਫੇਰ ਅੰਜੀਲ ਖ਼ਰੀਦ ਕੇ ਪੜ੍ਹ—ਫੇਰ ਤੈਨੂੰ ਪਤਾ ਲਗੇਗਾ ਕਿ ਪਰਮਾਤਮਾ ਤੈਨੂੰ ਕਿੰਞ ਜੀਣ ਲਈ ਕਹਿੰਦਾ ਹੈ। ਉਥੇ ਤੈਨੂੰ ਇਹ ਸਾਰਾ ਗਿਆਨ ਪਰਾਪਤ ਹੋ ਜਾਵੇਗਾ।" ਇਹ ਸ਼ਬਦ ਮਾਰਤੀਨ ਦੇ ਮਨ ਵਿਚ ਘਰ ਕਰ ਗਏ ਅਤੇ ਉਸੇ ਦਿਨ ਉਹ ਜਾ ਕੇ ਮੋਟੇ ਛਾਪੇ ਵਾਲੀ ਬਾਈਬਲ ਖਰੀਦ ਲਿਆਇਆ, ਅਤੇ ਪਾਠ ਆਰੰਭ ਦਿਤਾ।

ਪਹਿਲਾਂ ਤਾਂ ਉਸਦਾ ਵਿਚਾਰ ਕੇਵਲ ਛੁੱਟੀ ਵਾਲੇ ਦਿਨਾਂ ਵਿਚ ਹੀ ਪੜ੍ਹਨ ਦਾ ਸੀ ਪਰ ਜਦੋਂ ਉਸਨੇ ਸ਼ੁਰੂ ਕੀਤਾ ਤਾਂ ਉਸਨੂੰ ਜਾਪਿਆ ਕਿ ਇਸ ਨਾਲ ਉਸਦਾ ਮੰਨ ਹੌਲਾ ਅਤੇ ਸ਼ਾਂਤ ਹੋ ਗਿਆ ਹੈ, ਤਾਂ ਫੇਰ ਉਸਨੇ ਨਿੱਤ ਨੇਮ ਹੀ ਬਣਾ ਲਿਆ ਪਾਠ ਕਰਨ ਦਾ। ਕਈ ਵਾਰੀ ਤਾਂ ਉਹ ਪਾਠ ਵਿਚ ਇਤਨਾ ਮਗਨ ਹੋ ਜਾਂਦਾ ਕਿ ਉਸਦੇ ਦੀਵੇ ਦਾ ਤੇਲ ਵੀ ਮੁੱਕ ਜਾਂਦਾ। ਉਸਨੇ ਹਰ ਰਾਤ ਨੂੰ ਪਾਠ ਕਰਨਾ ਆਰੰਭ ਦਿਤਾ, ਜਿਤਨਾ ਵਧ ਉਹ ਪੜ੍ਹਦਾ ਉਤਨੀ ਹੀ ਸਪੱਸ਼ਟਤਾ ਨਾਲ ਉਹ ਸਮਝ ਗਿਆ ਕਿ ਪਰਮਾਤਮਾ ਉਸ ਤੋਂ ਕੀ ਚਾਂਹਦਾ ਹੈ ਅਤੇ ਕਿ ਉਹ ਰੱਬ ਦੇ ਲਈ ਕਿਸ ਪਰਕਾਰ ਜੀ ਸਕਦਾ ਹੈ। ਉਸ ਦਾ ਮਨ ਦਿਨ ਪ੍ਰਤੀ ਦਿਨ ਹੌਲਾ ਫੁੱਲ ਹੁੰਦਾ ਗਿਆ। ਇਸ ਤੋਂ ਪਹਿਲਾਂ ਜਦੋਂ ਉਹ ਬਿਸਤਰੇ ਤੇ ਬਰਾਜਦਾ ਹੁੰਦਾ ਸੀ ਤਾਂ ਉਹ ਭਰੇ ਹੋਏ ਮਨ ਨਾਲ ਲੇਟਿਆ ਹੁੰਦਾ ਸੀ, ਆਪਣੇ ਨਿੱਕੇ ਪੁੱਤਰ ਬਾਰੇ ਸੋਚ ਸੋਚ ਹੌਕੇ ਭਰਦਾ ਰਹਿੰਦਾ ਸੀ, ਪਰ ਹੁਣ ਉਹ ਵਾਰ ਵਾਰ ਕਹਿੰਦਾ, "ਤੇਰੀ ਜੈ ਹੋਵੇ, ਤੇਰੀ ਜੈ ਹੋਵੇ ਭਗਵਾਨ। ਤੇਰਾ ਭਾਣਾ ਮੀਠਾ ਲਾਗੇ।"

ਓਦੋਂ ਤੋਂ ਮਾਰਤੀਨ ਦੀ ਤਾਂ ਇਕ ਵਢੋਂ ਕਾਇਆ ਕਲਪ ਹੋ ਗਈ। ਬੀਤੇ ਦਿਨਾਂ ਵਿਚ ਛੁੱਟੀ ਵਾਲੇ ਦਿਨਾਂ ਵਿਚ ਉਹ ਢਾਬਿਆਂ ਤੇ ਚਾਹ ਪੀਣ ਜਾਇਆ ਕਰਦਾ ਸੀ ਅਤੇ ਇਕ ਦੋ ਹਾੜੇ ਵੋਦਕਾ ਦੇ ਵੀ ਛੱਕ ਛਕਾ ਲੈਂਦਾ ਸੀ। ਕਦੇ ਕਦਾਈਂ ਕਿਸੇ ਮਿੱਤਰ ਨਾਲ, ਲੋਰ ਵਿਚ ਆ ਕੇ, ਉਹ ਢਾਬੇ ਤੋਂ ਬਾਹਰ ਨਿਕਲਦਾ ਤਾਂ ਸ਼ਰਾਬੀ ਹਾਲਤ ਵਿਚ ਵੀ ਨਹੀਂ ਹੁੰਦਾ ਸੀ ਪਰ ਪਰਸੰਨ ਚਿਤ ਹੁੰਦਾ ਅਤੇ ਗੱਲਾਂ ਦੇ ਗੜਾਚੇ ਮਾਰਦਾ, ਕਿਸੇ ਬੰਦੇ ਨੂੰ ਲੱਲਕਾਰਾ ਮਾਰਦਾ ਜਾਂ ਕੁਝ ਭੈੜਾ ਸ਼ਬਦ ਵਰਤਦਾ ਹੁੰਦਾ। ਹੁਣ ਉਸ ਪਾਸੋਂ ਇਹ ਸਭ ਕੁਝ ਅਲੋਪ ਹੋ ਚੁਕਿਆ ਸੀ। ਉਸ ਦਾ ਜੀਵਨ ਸ਼ਾਂਤ ਅਤੇ ਆਨੰਦਮਈ ਹੋ ਗਿਆ ਸੀ। ਉਹ ਸੁਵਕਤੇ ਕੰਮ ਤੇ ਬੈਠ ਜਾਂਦਾ, ਜਦੋਂ ਦਿਹਾੜੀ ਦਾ ਕੰਮ ਮੁਕਾ ਲੈਂਦਾ ਤਾਂ ਉਹ ਕੰਧ ਤੋਂ ਦੀਵਾ ਚੁਕਦਾ, ਮੇਜ਼ ਤੇ ਟਿਕਾਂਦਾ, ਸ਼ੈਲਫ਼ ਵਿਚੋਂ ਪੁਸਤਕ ਚੁਕਦਾ ਅਤੇ ਖੋਲ੍ਹਕੇ ਪਾਠ ਆਰੰਭ ਕਰ ਦਿੰਦਾ। ਜਿਤਨਾ ਵਧੇਰੇ ਉਹ ਪਾਠ ਕਰਦਾ ਉਤਨਾ ਵਧ ਉਸਨੂੰ ਸਮਝ ਪੈਂਦੀ ਤੇ ਉਹ ਆਪਣੇ ਮਨ ਨੂੰ ਹਲਕਾ ਤੇ ਸੁਵੱਛ ਮਹਿਸੂਸਦਾ।

ਇਕ ਵਾਰੀ ਕੀ ਹੋਇਆ ਕਿ ਮਾਰਤੀਨ ਦੇਰ ਨਾਲ ਪਾਠ ਲਈ ਬੈਠਿਆ ਅਤੇ ਪੁਸਤਕ ਵਿਚ ਲੀਨ-ਮਗਨ ਹੋ ਗਿਆ। ਉਹ ਲੂਕ ਦੀ ਬਾਣੀ ਪੜ੍ਹ ਰਿਹਾ ਸੀ ਅਤੇ ਉਸਦੇ ਛੇਵੇਂ ਖੰਡ ਵਿਚ ਉਹ ਇਹਨਾਂ ਤੁੱਕਾਂ ਤੇ ਪੁੱਜਾ।

"ਜੇਹੜਾ ਕੋਈ ਤੁਹਾਡੇ ਮੂੰਹ ਦੇ ਇਕ ਗੱਲ੍ਹ ਤੇ ਮਾਰੇ ਤੁਸੀਂ ਦੂਜੀ ਗੱਲ੍ਹ ਵੀ ਪੇਸ਼ ਕਰ ਦੇਵੋ। ਜੇ ਕੋਈ ਤੁਹਾਡੇ ਵਸਤ੍ਰ ਲੈ ਲੈਂਦਾ ਹੈ ਉਸਨੂੰ ਆਪਣਾ ਕੋਟ ਵੀ ਦੇ ਦੇਵੋ। ਜੇ ਕੋਈ ਵੀ ਤੁਹਾਡੇ ਪਾਸੋਂ ਕੁਝ ਮੰਗਦਾ ਹੈ ਉਸਨੂੰ ਦੇ ਦੇਵੋ ਅਤੇ ਜੇ ਕੋਈ ਤੁਹਾਡੀ ਕੋਈ ਵਸਤੂ ਲੈ ਜਾਂਦਾ ਹੈ ਉਹ ਮੁੜ ਨਾ ਮੰਗੋ। ਅਤੇ ਜੇਹੜੇ ਵਰਤਾਓ ਦੀ ਤੁਸੀਂ ਹੋਰਾਂ ਪਾਸੋਂ ਆਪਣੇ ਪ੍ਰਤੀ ਆਸ ਰੱਖਦੇ ਹੋ ਉਹ ਤੁਸੀਂ ਆਪ ਉਹਨੂੰ ਨਾਲ ਕਰੋ।"

ਉਸਨੇ ਉਹ ਤੁਕਾਂ ਵੀ ਪੜ੍ਹੀਆਂ ਜਿਥੇ ਸਾਡਾ ਭਗਵਾਨ ਕਹਿੰਦਾ ਹੈ—"ਅਤੇ ਤੁਸੀਂ ਮੈਨੂੰ ਰੱਬ ਰੱਬ ਕਰਕੇ ਕਿਉਂ ਧਿਆਂਦੇ ਹੋ ਜਦੋਂ ਕਿ ਜੋ ਕੁਝ ਵੀ ਕਹਿੰਦਾ ਹਾਂ ਉਸ ਤੇ

Sri Satguru Jagjit Singh Ji eLibrary NamdhariElibrary@gmail.com

ਚਲਦੇ ਨਹੀਂ ਹੋ, ਅਮਲ ਨਹੀਂ ਕਰਦੇ ਹੋ ? ਜੋ ਕੋਈ ਵੀ ਮੇਰਾ ਆਸਰਾ ਲੈਂਦਾ ਹੈ, ਮੇਰੀ ਸੁਣਕੇ ਅਮਲ ਕਰਦਾ ਹੈ, ਉਸਦੇ ਬਾਰੇ ਮੈਂ ਦਸਦਾ ਹਾਂ ਕਿ ਉਹ ਕਿਹੋ ਜਿਹਾ ਹੁੰਦਾ ਹੈ—ਉਹ ਉਸ ਬੰਦੇ ਵਰਗਾ ਹੁੰਦਾ ਹੈ ਜਿਸ ਨੇ ਇਕ ਮਕਾਨ ਉਸਾਰਿਆ ਹੋਵੇ, ਡੂੰਘੀਆਂ ਨੀਹਾਂ ਪੁੱਟ ਕੇ ਇਕ ਚੱਟਾਨ ਦੇ ਆਧਾਰ ਤੇ ਉਸਾਰਿਆ ਹੋਵੇ, ਅਤੇ ਜਦੋਂ ਹੜ੍ਹ ਆਉਣ ਅਤੇ ਨਦੀ ਉਸ ਮਕਾਨ ਤੇ ਕਹਿਰ ਢਾਵੇ, ਤਾਂ ਉਸਨੂੰ ਹਿਲਾ ਤੱਕ ਨਾ ਸਕੇ। ਕਿਉਂ ਜੋ ਉਸ ਦੀਆਂ ਨੀਹਾਂ ਚੱਟਾਨ ਤੇ ਸਨ। ਪਰ ਉਹ ਜੋ ਕਿ ਸੁਣਦਾ ਤਾਂ ਹੈ ਪਰ ਉਸ ਤੇ ਅਮਲ ਨਹੀਂ ਕਰਦਾ ਉਸ ਬੰਦੇ ਵਰਗਾ ਹੈ ਜਿਸ ਨੇ ਰੇਤੇ ਤੇ ਨੀਹਾਂ ਰੱਖ ਕੇ ਮਕਾਨ ਦੀ ਉਸਾਰੀ ਕੀਤੀ ਹੋਵੇ ਜਿਸ ਨੇ ਨਦੀ ਦਾ ਪਰਕੋਪ ਨਾ ਝਲਦਿਆਂ ਢਹਿ ਢੇਰੀ ਹੋ ਜਾਣਾ ਹੋਵੇ, ਉਸ ਮਕਾਨ ਦੀ ਤਬਾਹੀ ਹੋਣੀ ਹੀ ਹੋਣੀ ਹੋਵੇ।

ਜਦੋਂ ਮਾਰਤੀਨ ਨੇ ਇਹ ਸ਼ਬਦ ਪੜ੍ਹੇ ਤਾਂ ਉਸਦੀ ਆਤਮਾ ਖਿੜ ਉਠੀ। ਉਸਨੇ ਆਪਣੀਆਂ ਐਨਕਾਂ ਲਾਹ ਕੇ ਪੁਸਤਕ ਤੇ ਟਿਕਾ ਦਿਤੀਆਂ, ਅਰਕਾਂ ਦੇ ਭਾਰ ਮੇਜ਼ ਤੇ ਝੁੱਕ ਗਿਆ ਅਤੇ ਜੋ ਕੁਝ ਪੜ੍ਹਿਆ ਸੀ ਉਸਨੂੰ ਵਿਚਾਰਨ ਲੱਗਾ। ਇਹਨਾਂ ਸ਼ਬਦਾਂ ਦੀ ਰੋਸ਼ਨੀ ਵਿਚ ਉਸਨੇ ਆਪਣਾ ਜੀਵਨ ਪੜਚੋਲਿਆ, ਅਤੇ ਆਪਣੇ ਆਪ ਨੂੰ ਪੁੱਛਿਆ—ਕੀ ਮੇਰੇ ਮਕਾਨ ਦੀ ਉਸਾਰੀ ਚੱਟਾਨ ਤੇ ਹੋਈ ਹੈ ਕਿ ਰੇਤੇ ਤੇ ? ਜੇਕਰ ਇਹ ਚੱਟਾਨ ਤੇ ਹੈ ਫੇਰ ਤਾਂ ਭਲੀ ਵਾਹਵਾ। ਇਸ ਗੱਲ ਨਾਲ ਰਾਹਤ ਮਿਲਦੀ ਹੈ ਜਦੋਂ ਬੰਦਾ ਏਥੇ ਇਕਾਂਤ ਵਿਚ ਬੈਠ ਕੇ ਵਿਚਾਰਦਾ ਹੈ ਉਸਨੇ ਸਭ ਕੁਝ ਰੱਬ ਦੀ ਰਜ਼ਾ ਅਨੁਸਾਰ ਹੀ ਕੀਤਾ ਹੈ, ਪਰ ਜਦੋਂ ਕਦੇ ਮੈਂ ਚੌਕਸੀ ਛੱਡ ਦਿੰਦਾ ਹਾਂ ਤਾਂ ਮੈਂ ਫੇਰ ਪਾਪ ਦਾ ਭਾਗੀ ਬਣ ਜਾਂਦਾ ਹਾਂ। ਫੇਰ ਵੀ ਮੈਂ ਦਰਿੜ ਰਹਾਂਗਾ। ਇਸ ਵਿਚ ਹੀ ਆਨੰਦ ਦੀ ਪਰਾਪਤੀ ਹੈ, ਹੇ ਪਰਮਾਤਮਾ ਮੇਰੀ ਸਹਾਇਤਾ ਕਰ।"

ਉਸਨੇ ਇਹ ਸਭ ਵਿਚਾਰਿਆ, ਅਤੇ ਬਿਸਤਰੇ ਵੱਲ ਨੂੰ ਜਾਣਾ ਹੀ ਚਾਹੁੰਦਾ ਸੀ ਕਿ ਪੁਸਤਕ ਨੂੰ ਛੱਡਣ ਲਈ ਮੰਨ ਨਾ ਕੀਤਾ। ਉਹ ਫੇਰ ਸੱਤਵਾਂ ਖੰਡ ਪੜ੍ਹਣ ਡਹਿ ਪਿਆ—ਸੈਨਕ ਕਮਾਂਡਰ, ਵਿਧਵਾ ਦੇ ਪੁੱਤਰ ਬਾਰੇ, ਅਤੇ ਜਾਨ ਦੇ ਸ਼ਿਸ਼ਾਂ ਦੇ ਉਤਰ ਬਾਰੇ—ਅਤੇ ਉਹ ਉਸ ਭਾਗ ਤੇ ਪੁੱਜਾ ਜਿਥੇ ਇਕ ਧਨੀ ਢੋਂਗੀ ਨੇ ਈਸਾ ਨੂੰ ਆਪਣੇ ਘਰ ਸਦਿਆ ਸੀ—ਅਤੇ ਉਸਨੇ ਉਸ ਪਾਪਣ ਤ੍ਰੀਮਤ ਬਾਰੇ ਪੜ੍ਹਿਆ ਜਿਸਨੇ ਕਿ ਈਸਾ ਦੇ ਪੈਰਾਂ ਦੀ ਮਾਲਿਸ਼ ਕੀਤੀ ਸੀ ਅਤੇ ਆਪਣੇ ਹੰਝੂਆਂ ਦੇ ਨਾਲ ਧੋਤੇ ਸਨ ਅਤੇ ਉਸਨੇ ਕਿਵੇਂ ਉਸਦਾ ਕਲਿਆਨ ਕੀਤਾ ਸੀ। ਚਤਾਲੀਵੇਂ ਸਲੋਕ ਤੇ ਪੁੱਜ ਕੇ ਉਸਨੇ ਪੜ੍ਹਿਆ ਸੀ—"ਅਤੇ ਤ੍ਰੀਮਤ ਵੱਲ ਨੂੰ ਮੁੜਦਿਆਂ ਹੋਇਆ ਉਸਨੇ ਸਾਈਮਨ ਨੂੰ ਕਿਹਾ ਸੀ—ਦੇਖੀ ਇਹ ਇਸਤ੍ਰੀ ?"

ਮੈਂ ਤੇਰੇ ਘਰ ਦਾਖ਼ਲ ਹੋਇਆ ਤਾਂ ਤੂੰ ਮੇਰੇ ਪੈਰਾਂ ਲਈ ਪਾਣੀ ਤੱਕ ਨਹੀਂ ਦਿੱਤਾ, ਪਰ ਉਸਨੇ ਇਹ ਪੈਰ ਹੰਝੂਆਂ ਦੇ ਨਾਲ ਧੋਤੇ ਹਨ ਅਤੇ ਆਪਣੇ ਕੇਸਾ ਦੇ ਨਾਲ ਪੂੰਝੇ ਹਨ। ਤੂੰ ਮੈਨੂੰ ਕੋਈ ਸਨੇਹ-ਚੁਮਣ ਨਹੀਂ ਦਿੱਤਾ, ਪਰ ਉਸਨੇ ਦਿੱਤਾ, ਜਦੋਂ ਦਾ ਮੈਂ ਅੰਦਰ ਆਇਆ ਹਾਂ ਇਹ ਮੇਰੇ ਪੈਰ ਚੁੰਮ ਰਹੀ ਹੈ। ਤੂੰ ਤੇਲ ਨਾਲ ਮੇਰੇ ਸਿਰ ਦੀ ਮਾਲਿਸ਼ ਨਹੀਂ ਕੀਤੀ ਉਸਨੇ ਮਰਹਮ ਵਾਲੇ ਇਹਨਾਂ ਪੈਰਾਂ ਦੀ ਮਾਲਿਸ਼ ਕੀਤੀ ਹੈ।"

ਉਸਨੇ ਇਹ ਸਲੋਕ ਪੜ੍ਹੇ ਅਤੇ ਸੋਚਿਆ—'ਉਸਨੇ ਉਸ ਦੇ ਚਰਨਾ ਲਈ ਪਾਣੀ ਨਹੀਂ ਸੀ ਦਿੱਤਾ, ਕੋਈ ਆਦਰ-ਚੁੰਮਣ ਨਹੀਂ ਸੀ ਦਿੱਤਾ, ਉਸਨੇ ਉਹਦੇ ਸਿਰ ਦੀ ਤੇਲ ਨਾਲ ਮਾਲਿਸ਼ ਨਹੀਂ ਸੀ ਕੀਤੀ......।" ਅਤੇ ਮਾਰਤੀਨ ਨੇ ਇਕ ਵਾਰੀ ਫੇਰ ਐਨਕਾਂ ਉਤਾਰ ਕੇ ਪੁਸਤਕ ਤੇ ਰੱਖ ਦਿੱਤੀਆਂ ਤੇ ਵਿਚਾਰਨ ਲੱਗਾ।

"ਉਹ ਢੋਂਗੀ ਮੇਰੇ ਵਰਗਾ ਹੀ ਹੋਵੇਗਾ। ਉਹ ਵੀ ਆਪਣੇ ਆਪ ਦੇ ਬਾਰੇ ਹੀ ਸੋਚਦਾ ਹੋਵੇਗਾ—ਚਾਹ ਦੀ ਇਕ ਪਿਆਲੀ ਕਿਵੇਂ ਪਰਾਪਤ ਕੀਤੀ ਜਾਵੇ—ਕਿਸ ਪਰਕਾਰ ਸੌਖ ਅਤੇ ਨਿਘ ਵਿਚ ਰਿਹਾ ਜਾਵੇ—ਆਪਣੇ ਕਿਸੇ ਮਹਿਮਾਨ ਬਾਰੇ ਕਦੇ ਵੀ ਨਹੀਂ ਸੋਚਿਆ ਹੋਣਾ। ਉਹ ਆਪਣੇ ਆਪ ਦਾ ਖਿਆਲ ਰੱਖਦਾ ਸੀ ਪਰ ਕਿਸੇ ਅਤਿਥੀ ਬਾਰੇ ਕਦੇ ਚਿੰਤਤ ਨਹੀਂ ਸੀ ਹੋਇਆ। ਅਤੇ ਫੇਰ ਅਤਿਥੀ ਵੀ ਕਿਹੋ ਜਿਹਾ—ਸਾਖਸ਼ਾਤ ਭਗਵਾਨ—ਜੇਕਰ ਉਹ ਮੇਰੇ ਏਥੇ ਆਵੇ, ਕੀ ਮੈਂ ਵੀ ਇਹੋ ਜਿਹਾ ਹੀ ਵਰਤਾਅ ਕਰਾਂਗਾ ?" ਤਦ ਮਾਰਤੀਨ ਨੇ ਆਪਣਾ ਸਿਰ ਆਪਣੀਆਂ ਬਾਹਾਂ ਤੇ ਟਿਕਾ ਦਿੱਤਾ, ਉਸਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਨੀਂਦ ਆ ਗਈ।

"ਮਾਰਤੀਨ" ਉਸਨੂੰ ਅਚਾਨਕ ਇਕ ਆਵਾਜ਼ ਸੁਣਾਈ ਦਿਤੀ, ਜਿਵੇਂ ਕਿਸੇ ਨੇ ਇਹ ਸ਼ਬਦ ਉਸਦੇ ਕੰਨ ਵਿਚ ਕਿਹਾ ਹੋਵ। ਉਸਦੀ ਜਾਗ ਖੁਲ੍ਹ ਗਈ। "ਕੌਣ ਹੈ।" ਉਸਨੇ ਪੁੱਛਿਆ।

ਉਸਨੇ ਪਰਤ ਦੇ ਬੂਹੇ ਵਲ ਦੇਖਿਆ, ਕੋਈ ਵੀ ਉਥੇ ਨਹੀਂ ਸੀ। ਉਸਨੇ ਮੁੜ ਪੁਛਿਆ। ਪਰ ਉਸਨੂੰ ਸਾਫ ਸੁਣਾਈ ਦਿੱਤਾ—"ਮਾਰਤੀਨ, ਮਾਰਤੀਨ ! ਕਲ੍ਹ ਨੂੰ ਗਲੀ ਵੱਲ ਧਿਆਨ ਰੱਖੀਂ, ਮੈਂ ਆਵਾਂਗਾ।"

ਮਾਰਤੀਨ ਕੁਰਸੀ ਤੋਂ ਉਠ ਖੜੋਤਾ ਅਤੇ ਆਪਣੀਆਂ ਅੱਖਾਂ ਮਲੀਆਂ ਪਰ ਉਸਨੂੰ ਸਮਝ ਨਾ ਪਈ ਕਿ ਇਹ ਬੋਲ ਉਸਨੇ ਸੁਪਨੇ ਵਿਚ ਸੁਣੇ ਹਨ ਕਿ ਜਾਗਦਿਆਂ ਹੋਇਆਂ। ਉਸਨੇ ਦੀਵਾ ਵਧਾ ਦਿਤਾ ਤੇ ਸੌਣ ਦੇ ਲਈ ਲੇਟ ਗਿਆ।



Sri Satguru Jagjit Singh Ji eLibrary NamdhariElibrary@gmail.com

ਅਗਲੀ ਸਵੇਰ ਨੂੰ ਸੁਵਕਤੇ ਜਾਗਿਆ ਅਤੇ ਪੂਜਾ ਪਾਠ ਤੋਂ ਬਾਅਦ ਉਸ ਨੇ ਚੁਲ੍ਹੇ ਤੇ ਬੰਦ ਗੋਭੀ ਦਾ ਸ਼ੋਰਬਾ ਅਤੇ ਦਲੀਆ ਰਿਧਾ ! ਫੇਰ ਉਸਨੇ ਆਪਣਾ ਸਾਮੋਵਾਰ ਜਲਾਇਆ, ਅਪਰਨ ਪਹਿਨਿਆ ਅਤੇ ਖਿੜਕੀ ਦੇ ਲਾਗੇ ਆਪਣੇ ਕੰਮ ਲਈ ਜਾ ਬੈਠਾ। ਕੰਮ ਕਰਦਿਆਂ ਮਾਰਤੀਨ ਨੇ ਰਾਤ ਵਾਲੀ ਘਟਨਾ ਬਾਰੇ ਵਿਚਾਰ ਕੀਤੀ। ਕਦੇ ਤਾਂ ਇਹ ਉਸਨੂੰ ਇਕ ਸੁਪਨਾ ਜਾਪਦਾ ਅਤੇ ਕਦੇ ਉਹ ਸੋਚਦਾ ਕਿ ਉਸਨੇ ਅਸਲੋਂ ਇਹ ਆਵਾਜ਼ ਸੁਣੀ ਸੀ। "ਪਹਿਲਾਂ ਵੀ ਇਹੋ ਜਹੀਆਂ ਘਟਨਾਵਾਂ ਘਟਦੀਆਂ ਰਹੀਆਂ ਹਨ," ਉਸਨੇ ਸੋਚਿਆ। ਇਸ ਲਈ ਉਹ ਖਿੜਕੀ ਲਾਗੇ ਬੈਠ ਗਿਆ। ਉਸ ਦੀ ਰੁੱਚੀ ਕੰਮ ਵੱਲ ਘੱਟ ਸੀ ਅਤੇ ਰਾਹ ਵੱਲ ਨੂੰ ਦੇਖਣ ਦੇ ਵਧ ਸੀ ਅਤੇ ਜਦੋਂ ਕੋਈ ਅਣਜਾਣੇ ਬੂਟਾਂ ਵਾਲਾ ਲੰਘਦਾ ਤਾਂ ਉਹ ਉਭਰਕੇ ਉਪਰ ਦੇਖਦਾ ਤਾਂ ਜੋ ਲੰਘਣ ਵਾਲੇ ਦਾ ਚੇਹਰਾ ਵੀ ਦੇਖ ਸਕੇ। ਇਕ ਘਰੇਲੂ ਨੌਕਰ ਲੰਘਿਆ। ਫੇਰ ਇਕ ਮਾਸ਼ਕੀ। ਹੁਣੇ ਹੁਣੇ ਨਿਕੋਲਸ ਦਾ ਇਕ ਸੈਨਕ ਖਿੜਕੀ ਲਾਗੇ ਆਇਆ ਸੀ। ਉਸ ਦੇ ਹੱਥ ਵਿਚ ਬੇਲਚਾ ਸੀ। ਮਾਰਤੀਨ ਉਸਨੂੰ ਉਸ ਦੇ ਬੂਟਾਂ ਕਰਕੇ ਜਾਣਦਾ ਸੀ ਜੇਹੜੇ ਕਿ ਪੁਰਾਣੇ ਅਤੇ ਘਿਸੇ ਹੋਏ ਸਨ। ਇਸ ਬੁਢੇ ਦਾ ਨਾਂ ਸਤੈਪਾਨਿਚ ਸੀ। ਇਕ ਵਿਉਪਾਰੀ ਨੇ ਦਿਆ ਕੀਤੀ ਅਤੇ ਉਸ ਨੂੰ ਆਪਣੇ ਘਰੇਲੂ ਨੌਕਰ ਦੀ ਮਦਦ ਲਈ ਰੱਖ ਲਿਆ। ਉਸਨੇ ਮਾਰਤੀਨ ਦੀ ਖਿੜਕੀ ਅੱਗੋਂ ਬਰਫ ਹੂੰਝਣੀ ਸ਼ੁਰੂ ਕਰ ਦਿੱਤੀ। ਮਾਰਤੀਨ ਨੇ ਉਸ ਵੱਲ ਝਾਤ ਮਾਰੀ ਅਤੇ ਆਪਣੇ ਕੰਮ ਲੱਗਾ ਰਿਹਾ।

"ਉਮਰ ਵਡੇਰੀ ਹੋ ਜਾਣ ਕਰਕੇ ਮੈਂ ਕੁਝ ਝੱਲਾ ਹੋ ਗਿਆ ਹਾਂ", ਆਪਣੇ ਫੁਰਨੇ ਬਾਰੇ ਸੋਚ ਕੇ ਮਾਰਤੀਨ ਨੇ ਹੱਸਦਿਆਂ ਹੋਇਆਂ ਕਿਹਾ। ਸਤੇਪਾਨਿਚ ਬਰਫ ਹਟਾਣ ਦੇ ਲਈ ਆਇਆ ਹੈ ਅਤੇ ਮੈਂ ਚਿਤਵ ਰਿਹਾ ਹਾਂ ਕਿ ਈਸਾ ਮੇਰੇ ਘਰ ਨੂੰ ਆ ਰਿਹਾ ਹੈ। ਬੁੱਢਾ ਖੋਸਟ ਹਾਂ ਮੈਂ ਵੀ ਸੱਠਿਆ ਗਿਆ ਹਾਂ।

ਫੇਰ ਵੀ ਦਸ ਕੁ ਤਰੋਪੇ ਲਗਾਣ ਮਗਰੋਂ ਉਹ ਆਪਣੇ ਆਪ ਨੂੰ ਬਾਰੀ ਤੋਂ ਬਾਹਰ ਝਾਤੀ ਮਾਰਨ ਤੋਂ ਵਰਜ ਨਾ ਸਕਿਆ। ਉਸ ਨੇ ਦੇਖਿਆ ਕਿ ਸਟੈਪਾਨੀਚ ਨੇ ਆਪਣਾ ਬੇਲਚਾ ਕੰਧ ਦੇ ਨਾਲ ਟਿਕਾ ਦਿੱਤਾ ਹੋਇਆ ਹੈ ਅਤੇ ਜਾ ਤਾਂ ਉਹ ਕੁਝ ਸੁਸਤਾ ਰਿਹਾ ਹੈ ਜਾਂ ਫਿਰ ਨਿੱਘਾ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਬੰਦਾ ਉਹ ਹੁਣ ਬੁੱਢਾ ਹੋ ਚੁੱਕਾ ਸੀ, ਥੱਕਾ ਟੁੱਟਾ ਅਤੇ ਬਰਫ ਸਾਫ਼ ਕਰ ਸਕਣ ਜਿਤਨੀ ਸ਼ਕਤੀ ਨਹੀਂ ਸੀ ਉਸ ਵਿਚ।

"ਮੈਂ ਉਸਨੂੰ ਅੰਦਰ ਸੱਦ ਕੇ ਘੁੱਟ ਚਾਹ ਨਾ ਪਿਆ ਦਿਆਂ ?" ਮਾਰਤੀਨ ਨੇ ਸੋਚਿਆ। ਪਾਣੀ ਤਾਂ ਸਮੋਵਾਰ ਵਿਚ ਰਿੱਝ ਰਿਹਾ ਹੈ।"

ਉਸਨੇ ਆਪਣਾ ਹੱਥਲਾ ਸੰਦ ਆਪਣੇ ਠਕਾਣੇ ਤੇ ਰੱਖਿਆ। ਉਠ ਕੇ ਸਾਮੋਵਾਰ ਨੂੰ ਮੇਜ਼ ਤੇ ਰੱਖ ਕੇ ਚਾਹ ਤਿਆਰ ਕੀਤੀ। ਫੇਰ ਉਸ ਨੇ ਉਂਗਲਾਂ ਨਾਲ ਖਿੜਕੀ ਤੇ ਦਸਤਕ ਦਿੱਤੀ। ਸਤੈਪਾਨੀਚ ਮੁੜ ਕੇ ਖਿੜਕੀ ਪਾਸ ਆਇਆ। ਮਾਰਤੀਨ ਨੇ ਉਸਨੂੰ ਅੰਦਰ ਆਣ ਦਾ ਇਸ਼ਾਰਾ ਕੀਤਾ ਅਤੇ ਆਪ ਬੂਹਾ ਲਾਹਣ ਲਈ ਗਿਆ।

"ਅੰਦਰ ਆ ਜਾ", ਉਸਨੇ ਕਿਹਾ, "ਅਤੇ ਆਪਣੇ ਆਪ ਨੂੰ ਕੁਝ ਗਰਮਾਇਸ਼ ਦੇ ਲੈ। ਯਕੀਨਨ ਤੈਨੂੰ ਪਾਲਾ ਲੱਗ ਰਿਹਾ ਹੈ।"

"ਰੱਬ ਤੇਰਾ ਭਲਾ ਕਰੇ", ਸਤੈਪਾਨੀਚ ਨੇ ਉਤਰ ਦਿੱਤਾ। "ਮੇਰੀਆਂ ਤਾਂ ਹੱਡੀਆਂ ਕੜਕੜਾ ਉਠੀਆਂ ਹਨ ਪਾਲੇ ਨਾਲ।" ਉਹ ਅੰਦਰ ਆ ਗਿਆ, ਪਹਿਲਾਂ ਬਰਫ ਨੂੰ ਆਪਣੇ ਉਪਰੋਂ ਝਾੜਿਆ, ਫਿਰ ਆਪਣੇ ਪੈਰਾਂ ਨੂੰ ਝਾੜਣ ਲੱਗਾ ਕਿ ਕਿਤੇ ਫਰਸ਼ ਤੇ ਪੈੜਾਂ ਨਾ ਪਾ ਦੇਣ, ਪਰ ਇੰਝ ਕਰਨ ਲੱਗਾ ਉਹ ਕੰਬ ਗਿਆ ਅਤੇ ਲਗਪਗ ਡਿਗ ਹੀ ਪਿਆ।

"ਪੈਰ ਝਾੜਣ ਦੀ ਖੇਚਲ ਕਰਨ ਦੀ ਲੋੜ ਨਹੀਂ ਹੈ", ਮਾਰਤੀਨ ਨੇ ਕਿਹਾ, "ਮੈਂ ਫਰਸ਼ ਨੂੰ ਸਾਫ਼ ਕਰ ਦਿਆਂਗਾ—ਰੋਜ਼ ਦਾ ਇਹੋ ਕੰਮ ਹੈ ਮੇਰਾ। ਸਜਣਾ, ਅੰਦਰ ਆ ਕੇ ਬੈਠ ਅਤੇ ਕੁਝ ਚਾਹ ਪੀ।"

ਦੋ ਗਲਾਸ ਭਰ ਕੇ, ਉਸ ਨੇ ਇਕ ਮਹਿਮਾਨ ਵੱਲ ਨੂੰ ਕਰ ਦਿਤਾ ਆਪਣੇ ਗਲਾਸ 'ਚੋਂ ਇਕ ਪਲੇਟ ਵਿਚ ਪਾ ਕੇ ਫੂਕਾਂ ਮਾਰਨ ਡਹਿ ਪਿਆ। ਸਤੈਪਾਨੀਚ ਨੇ ਆਪਣਾ ਗਲਾਸ ਖ਼ਾਲੀ ਕਰ ਕੇ ਮੂਧਾ ਮਾਰ ਦਿਤਾ, ਭਾਵ ਇਹ ਸੀ ਕਿ ਉਸਨੂੰ ਹੋਰ ਲੋੜ ਨਹੀਂ। ਉਹ ਆਪਣੇ ਵਲੋਂ ਆਭਾਰ ਦਾ ਪਰਗਟਾਵਾ ਕਰਨ ਲੱਗਾ, ਪਰ ਸਾਫ਼ ਜਾਪਦਾ ਸੀ ਕਿ ਉਸਨੂੰ ਹੋਰ ਚਾਹ ਦੀ ਝਾਕ ਸੀ। "ਇਕ ਗਲਾਸ ਹੋਰ ਲੈ" ਮਾਰਤੀਨ ਨੇ ਕਿਹਾ, ਮਹਿਮਾਨ ਦਾ ਅਤੇ ਆਪਣਾ ਵੀ, ਗਲਾਸ ਦੋ ਵਾਰ ਭਰ ਦਿੱਤਾ। ਪਰ ਚਾਹ ਪੀਣ ਦੇ ਨਾਲ ਨਾਲ ਮਾਰਤੀਨ ਬਾਹਰ ਗਲੀ ਵੱਲ ਵੀ ਦੇਖਦਾ ਰਿਹਾ।

"ਕਿਸੇ ਦੇ ਆਣ ਦੀ ਝਾਕ ਹੈ ?" ਮਹਿਮਾਨ ਨੇ ਪੁਛਿਆ।

"ਕੀ ਮੈਨੂੰ ਕਿਸੇ ਦੇ ਆਣ ਦੀ ਝਾਕ ਹੈ?" ਆਹੋ, ਪਰ ਤੈਨੂੰ ਦੱਸਦਿਆਂ ਮੈਨੂੰ ਸ਼ਰਮ ਜਹੀ ਆਂਦੀ ਹੈ। ਇਹ ਗੱਲ ਨਹੀਂ ਕਿ ਮੈਨੂੰ ਸੱਚੀਂ ਹੀ ਕਿਸੇ ਦੀ ਝਾਕ ਹੈ। ਪਰ ਕੱਲ੍ਹ ਰਾਤੀਂ ਕੁਝ ਇਹੋ ਜਿਹਾ ਸੁਣਿਆ ਹੈ ਕਿ ਮੇਰੇ ਮਨ 'ਚੋਂ ਉਹ ਗੱਲ ਜਾਂਦੀ ਹੀ ਨਹੀਂ ਹੈ। ਇਹ ਕੋਈ ਦ੍ਰਿਸ਼ਟਾਂਤ ਸੀ ਜਾਂ


Sri Satguru Jagjit Singh Ji eLibrary NamdhariElibrary@gmail.com

ਮੇਰੇ ਆਪਣੇ ਮਨ ਦੀ ਕਲਪਣਾ, ਮੈਂ ਕਹਿ ਨਹੀਂ ਸਕਦਾ। ਗੱਲ ਇੰਝ ਹੈ ਯਾਰਾ, ਬੀਤੀ ਰਾਤ ਮੈਂ ਪਵਿਤਰ ਪੁਸਤਕ ਦਾ ਪਾਠ ਕਰ ਰਿਹਾ ਸੀ, ਭਗਵਾਨ ਈਸਾ ਬਾਰੇ ਉਸਨੇ ਕਿੰਝ ਤਸੀਹੇ ਝਲੇ ਅਤੇ ਕਿੰਝ ਉਹ ਧਰਤੀ ਤੇ ਵਿਚਰਿਆ। ਇਸ ਸਭ ਕੁਝ ਤਾਂ ਤੂੰ ਵੀ ਸੁਣ ਰਖਿਆ ਹੋਣਾ ਹੈ, ਮੈਨੂੰ ਯਕੀਨ ਹੈ।

"ਹਾਂ ਸੁਣ ਰਖਿਆ ਹੈ", ਸਤੇਪਾਨੀਚ ਨੇ ਕਿਹਾ, ਮੈਂ ਇਕ ਗੰਵਾਰ ਬੰਦਾ ਹਾਂ, ਪੜ੍ਹ ਨਹੀਂ ਸਕਦਾ ਹਾਂ।"

"ਕੋਈ ਗੱਲ ਨਹੀਂ ਹੋਇਆ ਇੰਝ ਕਿ ਜਦੋਂ ਮੈਂ ਪੜ੍ਹ ਰਿਹਾ ਸੀ ਕਿ ਉਹ ਧਰਤੀ ਤੇ ਕਿਵੇਂ ਵਿਚਰਿਆ ਤਾਂ ਮੈਂ ਉਸ ਭਾਗ ਤੇ ਪੁਜਿਆ ਜਿਥੇ ਉਹ ਇਕ ਢੋਂਗੀ ਦੇ ਜਾਂਦਾ ਹੈ ਜਿਸਨੇ ਕਿ ਉਸ ਦਾ ਭਲੀਭਾਂਤ ਸਵਾਗਤ ਨਹੀਂ ਸੀ ਕੀਤਾ। ਜਦੋਂ ਯਾਰ ਮੈਂ ਇਹ ਪੜ੍ਹਿਆ ਤਾਂ ਸੋਚਿਆ ਕਿਹੋ ਜਿਹਾ ਬੰਦਾ ਸੀ ਜਿਸਨੇ ਪ੍ਰਭੂ ਈਸਾ ਦਾ ਸਵਾਗਤ ਆਦਰ ਨਹੀਂ ਸੀ ਕੀਤਾ। ਜੇ ਭਲਾ ਇਹੋ ਜਹੀ ਘਟਨਾ ਮੇਰੇ ਵਰਗੇ ਬੰਦੇ ਦੇ ਨਾਲ ਵਾਪਰ ਜਾਵੇ, ਤਾਂ ਮੈਂ ਸੋਚਿਆ, ਮੈਂ ਉਸ ਦੇ ਸਵਾਗਤ ਲਈ ਕੀ ਕੁਝ ਨਾ ਕਰਾਂ? ਪਰ ਉਸ ਬੰਦੇ ਨੇ ਉਸ ਦਾ ਕੋਈ ਵੀ ਸਵਾਗਤ ਨਹੀਂ ਸੀ ਕੀਤਾ।ਇਸੇ ਸੋਚ ਵਿਚ ਮੈਂ ਉਘਲਾਣ ਡਹਿ ਪਿਆ ਅਤੇ ਇਸੇ ਹਾਲਤ ਵਿਚ ਮੈਂ ਕਿਸੇ ਦੀ ਕੰਨਾਬਾਤੀ ਸੁਣੀ। ਕਿਸੇ ਨੇ ਮੇਰਾ ਨਾਂ ਪੁਕਾਰਿਆ ਸੀ— "ਮੇਰੀ ਉਡੀਕ ਕਰੀਂ, ਮੈਂ ਕੱਲ੍ਹ ਨੂੰ ਆਵਾਂਗਾ"। ਇੰਝ ਦੋ ਵਾਰੀ ਵਾਪਰਿਆ ਅਤੇ ਇਹ ਸੱਚ ਹੈ ਕਿ ਇਹ ਗੱਲ ਮੇਰੇ ਦਿਲ ਦਿਮਾਗ ਤੇ ਛਾ ਗਈ, ਭਾਵੇਂ ਮੈਨੂੰ ਕੁਝ ਝਿਜਕ ਜਹੀ ਜਾਪਦੀ ਹੈ ਪਰ ਮੈਨੂੰ ਉਸ ਦੀ ਉਡੀਕ ਹੈ, ਪਿਆਰੇ ਪ੍ਰਭੂ ਦੀ।"

ਸਤੇਪਾਨੀਚ ਨੇ ਸਿਰ ਨੂੰ ਝਟਕਿਆ, ਗਲਾਸ ਖ਼ਾਲੀ ਕੀਤਾ ਅਤੇ ਇਕ ਪਾਸੇ ਰੱਖ ਦਿਤਾ, ਪਰ ਮਾਰਤੀਨ ਨੇ ਚੁੱਕ ਕੇ ਉਸਨੂੰ ਮੁੜ ਭਰ ਦਿੱਤਾ।

"ਇਕ ਗਲਾਸ ਹੋਰ ਪੀ, ਰੱਬ ਤੇਰਾ ਭਲਾ ਕਰੇ।" ਅਤੇ ਮੈਂ ਇਹ ਵੀ ਸੋਚ ਰਿਹਾ ਸੀ ਕਿ ਕਿੰਝ ਉਹ ਧਰਤੀ ਤੇ ਵਿਚਰਿਆ, ਸਭ ਨੂੰ ਪਿਆਰ ਦਿਤਾ. ਕਿਸੇ ਤੋਂ ਗਿਲਾਨੀ ਨਾ ਕੀਤੀ, ਬਹੁਤਾ ਕਰ ਕੇ ਸਾਧਾਰਨ ਲੋਕਾਂ ਦੇ ਪਾਸ ਗਿਆ ਅਤੇ ਸਾਡੇ ਵਰਗਿਆਂ ਵਿਚੋਂ ਹੀ ਆਪਣੇ ਸ਼ਿਸ਼ ਚੁਣੇ, ਕਿਰਤੀਆਂ ਕਾਮਿਆਂ ਵਿਚੋਂ, ਸਾਡੇ ਵਰਗੇ ਗੁਨਾਹਗਾਰਾਂ ਵਿਚੋਂ ਉਸਨੇ ਕਿਹਾ ਸੀ ਕਿ "ਖੁਦੀ ਦੀ ਧੌਣ ਨੀਵੀ ਹੁੰਦੀ ਹੈ ਅਤੇ ਨਿਮਰਤਾ ਦੀ ਧੌਣ ਉੱਚੀ ਚੁੱਕੀ ਜਾਂਦੀ ਹੈ" ਉਸਨੇ ਕਿਹਾ ਸੀ, "ਤੁਸੀਂ ਮੈਨੂੰ ਸੁਆਮੀ ਕਹਿੰਦੇ ਹੋ, ਮੈਂ ਤੁਹਾਡੇ ਚਰਨ ਧੋਵਾਂਗਾ।" ਉਸਨੇ ਕਿਹਾ ਸੀ, "ਜੇਹੜਾ ਵੀ ਆਗੂ ਹੋਵੇ ਉਹ ਸਭ ਦਾ ਸੇਵਾਦਾਰ ਹੋਵੇ। ਗਰੀਬਾਂ, ਸਨਿਮਰਾਂ ਅਤੇ ਦਿਆਵਾਨਾਂ ਤੇ ਰਹਿਮਤ ਵਰਸੇਗੀ।"

ਸਤੇਪਾਨੀਚ ਨੂੰ ਚਾਹ ਵਿਸਰ ਗਈ। ਉਹ ਬੁੱਢਾ ਬੰਦਾ ਸੀ, ਛੇਤੀ ਹੀ ਅਥਰੂ ਵੱਗ ਪਏ, ਜਿਵੇਂ ਜਿਵੇਂ ਉਹ ਬੈਠਾ ਸੁਣਦਾ ਰਿਹਾ ਅਥਰੂ ਉਸਦੀਅ ਗੱਲ੍ਹਾਂ ਤੇ ਵਹਿੰਦੇ ਰਹੇ।

"ਆ, ਹੋਰ ਪੀ", ਮਾਰਤੀਨ ਨੇ ਕਿਹਾ। ਪਰ ਸਤੇਪਨੀਚ ਨੇ ਆਪਣੇ ਸੀਨੇ ਤੇ ਸਲੀਬ-ਚਿੰਨ੍ਹ ਬਣਾਇਆ, ਉਸਦਾ ਧੰਨਵਾਦ ਕੀਤਾ, ਗਲਾਸ ਪਾਸੇ ਰਖਿਆ ਅਤੇ ਉਠ ਖੜਾ ਹੋਇਆ।

"ਤੇਰਾ ਧੰਨਵਾਦ ਮਾਰਤੀਨ", ਉਸਨੇ ਕਿਹਾ, "ਤੂੰ ਮੇਰੇ ਮਨ ਅਤੇ ਤਨ ਲਈ ਭੋਜਨ ਅਤੇ ਸੁਖ ਪਰਦਾਨ ਕੀਤਾ ਹੈ।"

"ਤੇਰਾ ਏਥੇ ਸਵਾਗਤ ਹੈ ਕਦੇ ਫੇਰ ਵੀ ਆਈਂ, ਮੈਨੂੰ ਮਹਿਮਾਨ ਆ ਜਾਣ ਤੇ ਖ਼ੁਸ਼ੀ ਪਰਾਪਤ ਹੁੰਦੀ ਹੈ," ਮਾਰਤੀਨ ਨੇ ਕਿਹਾ।

ਸਤੇਪਨੀਚ ਚਲਿਆ ਗਿਆ ਅਤੇ ਮਾਰਤੀਨ ਨੇ ਬਾਕੀ ਬਚਦੀ ਚਾਹ ਵੀ ਪੀ ਲਈ। ਫੇਰ ਉਸਨੇ ਚਾਹ ਵਾਲੇ ਭਾਂਡੇ ਪਰੇ ਰੱਖੇ ਅਤੇ ਆਪਣੇ ਕੰਮ ਤੇ ਬੈਠ ਗਿਆ, ਇਕ ਬੂਟ ਦੀ ਅੱਡੀ ਵਾਲੀ ਸਿਊਣ ਦੀ ਤ੍ਰਿਪਾਈ ਕਰਨ ਲੱਗਾ। ਤੋਪੇ ਲਾਂਦਿਆਂ ਉਹ ਬਾਰੀ ਤੋਂ ਬਾਹਰ ਝਾਕਦਾ ਰਿਹਾ, ਈਸਾ ਦੀ ਉਡੀਕ ਵਿਚ ਉਸ ਦੇ ਬਾਰੇ ਅਤੇ ਉਸਦੀਆਂ ਕਰਨੀਆਂ ਬਾਰੇ ਸੋਚਦਾ ਰਿਹਾ। ਉਸਦੇ ਦਿਮਾਗ ਵਿਚ ਈਸਾ ਦੇ ਕਥਨ ਭਰੇ ਪਏ ਸਨ।

ਦੋ ਸਿਪਾਹੀ ਲੰਘੇ ਸਨ, ਇਕ ਦੇ ਸਰਕਾਰੀ ਬੂਟ ਸਨ ਅਤੇ ਦੂਜੇ ਦੇ ਨਿੱਜੀ। ਫੇਰ ਗੁਆਂਢੀ ਘਰ ਦਾ ਮਾਲਕ ਲੰਘਿਆ, ਹੱਥ ਵਿਚ ਟੋਕਰੀ ਸੀ। ਇਹ ਸਭ ਲੰਘਦੇ ਗਏ। ਫੇਰ ਇਕ ਇਸਤਰੀ ਆਈ ਪੇਂਡੂ ਬਣੀ ਜੁੱਤੀ ਪਹਿਨੀ ਹੋਈ ਸੀ। ਉਹ ਖਿੜਕੀ ਪਾਸੋਂ ਲੰਘ ਕੇ ਕੰਧ ਨਾਲ ਲੱਗ ਕੇ ਖੜ੍ਹ ਗਈ ਸੀ। ਮਾਰਤੀਨ ਨੇ ਖਿੜਕੀ ਦੁਆਰਾ ਉਸ ਵੱਲ ਝਾਤੀ ਮਾਰੀ ਅਤੇ ਦੇਖਿਆ ਕਿ ਉਹ ਕੋਈ ਅਨੋਭੜ ਸੀ, ਮੰਦੇ ਹਾਲੀਂ ਜਾਪਦੀ ਸੀ ਅਤੇ ਗੋਦੀ ਵਿਚ ਬਾਲ ਸੀ। ਉਹ ਹਵਾ ਵੱਲ ਨੂੰ ਕੰਢ ਕਰਕੇ ਕੰਧ ਨਾਲ ਲੱਗ ਕੇ ਖੜ੍ਹ ਗਈ, ਉਹ ਬਾਲ ਨੂੰ ਲਪੇਟਣ ਦੀ ਕੋਸ਼ਿਸ਼ ਕਰ ਰਹੀ ਸੀ ਭਾਵੇਂ ਕਿ ਉਸਦੇ ਪਾਸ ਬਾਲ ਨੂੰ ਲਪੇਟਣ ਦੇ ਲਈ ਕੁਝ ਵੀ ਨਹੀਂ ਸੀ। ਉਸ ਔਰਤ ਦੇ ਗਰਮੀਆਂ ਵਾਲੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਵੀ ਭੈੜੀ ਹਾਲਤ ਵਿਚ ਸਨ। ਮਾਰਤੀਨ ਨੇ ਬੱਚੇ ਦੇ ਰੋਣ ਦੀ ਆਵਾਜ਼ ਸੁਣੀ, ਇਸਤਰੀ ਉਸਨੂੰ ਸ਼ਾਂਤ ਕਰਨ ਦੀ ਅਸਫਲ ਕੋਸ਼ਿਸ਼ ਕਰ ਰਹੀ ਸੀ। ਮਾਰਤੀਨ



Sri Satguru Jagjit Singh Ji eLibrary NamdhariElibrary@gmail.com

ਉਠਿਆ ਅਤੇ ਬੂਹੇ ਤੋਂ ਬਾਹਰ, ਉੱਪਰ ਜਾਕੇ ਉਸਨੂੰ ਅੰਦਰ ਬੁਲਾਇਆ।

"ਬੀਬੀ, ਬੀਬੀ"

"ਔਰਤ ਨੇ ਆਵਾਜ਼ ਸੁਣੀ ਅਤੇ ਉਧਰ ਵੱਲ ਨੂੰ ਮੁੜੀ।

"ਤੂੰ ਬਾਲ ਨੂੰ ਲੈ ਕੇ ਬਾਹਰ ਠੰਡ ਵਿਚ ਕਿਉਂ ਖੜੋਤੀ ਹੋਈ ਹੈਂ ? ਅੰਦਰ ਆ ਜਾ। ਅੰਦਰ ਨਿੱਘ ਹੈ ਅਤੇ ਉਸਨੂੰ ਤੂੰ ਸੰਵਾਰ ਕੇ ਲਪੇਟ ਸਕੇਂਗੀ। ਐਧਰ ਨੂੰ ਆ ਜਾ।"

ਔਰਤ ਬਜ਼ੁਰਗ ਨੂੰ ਚੋਗੇ ਵਿਚ ਦੇਖ ਕੇ ਹੈਰਾਨ ਹੋਈ, ਉਸ ਦੇ ਨੱਕ ਤੇ ਐਨਕਾਂ ਟਿਕੀਆਂ ਹੋਈਆਂ ਸਨ, ਜੋ ਕਿ ਉਸਨੂੰ ਅੰਦਰ ਬੁਲਾ ਰਿਹਾ ਸੀ, ਫੇਰ ਵੀ ਉਹ ਉਸਦੇ ਪਿੱਛੇ ਪਿੱਛੇ ਅੰਦਰ ਗਈ। ਪੌੜੀਆਂ ਉਤਰਕੇ ਉਹ ਨਿੱਕੇ ਕਮਰੇ ਵਿਚ ਦਾਖਲ ਹੋਏ, ਬਜ਼ੁਰਗ ਨੇ ਉਸਨੂੰ ਮੰਜੇ ਤੇ ਬੈਠਣ ਦੇ ਲਈ ਕਿਹਾ—"ਬੀਬੀ ਓਥੇ ਚੁਲ੍ਹੇ ਦੇ ਲਾਗੇ ਬੈਠ ਜਾ, ਸੇਕ ਲੈ ਅਤੇ ਬੱਚੇ ਨੂੰ ਦੁਧ ਚੁੰਘਾ ਲੈ।"

"ਦੁੱਧ ਨਹੀਂ ਉੱਤਰ ਰਿਹਾ, ਸਵੇਰ ਤੋਂ ਮੈਂ ਖੁਦ ਨਿਰਅੰਨੀ ਹਾਂ", ਇਸਤਰੀ ਨੇ ਕਿਹਾ, ',ਫੇਰ ਵੀ ਉਸਨੇ ਬੱਚੇ ਦੇ ਮੂੰਹ ਵਿਚ ਦੁਧੀ ਦੇ ਦਿੱਤੀ।

ਮਾਰਤੀਨ ਨੇ ਸਿਰ ਝਟਕਿਆ। ਉਸਨੇ ਇਕ ਥਾਲ ਅਤੇ ਕੁਝ ਵੇਸਣ ਕਢਿਆ। ਫੇਰ ਭੱਠ ਨੂੰ ਖੋਲ੍ਹਿਆ ਅਤੇ ਬੰਦ ਗੋਭੀ ਦਾ ਸੂਪ ਕੱਢ ਕੇ ਵੇਸਣ ਵਿਚ ਪਾਇਆ। ਉਸਨੇ ਦਲੀਏ ਵਾਲਾ ਭਾਂਡਾ ਵੀ ਕਢਿਆ ਪਰ ਦਲੀਆ ਅਜੇ ਰਿਧਾ ਨਹੀਂ ਸੀ, ਉਸ ਨੇ ਮੇਜ਼ ਤੇ ਦਸਤਰਖ਼ਾਨ ਵਿਛਾਇਆ ਅਤੇ ਸੂਪ ਤੇ ਡਬਲ ਰੋਟੀ ਪਰੋਸ ਦਿੱਤੀ।

"ਬੀਬੀ ਬੈਠ ਕੇ ਛੱਕ, ਮੈਂ ਨਿੱਕੇ ਨੂੰ ਸੰਭਾਲਦਾ ਹਾਂ। ਮੈਨੂੰ ਵੀ ਰੱਬ ਨੇ ਬੱਚੇ ਬਖਸ਼ੇ ਸਨ, ਮੈਂ ਬੱਚੇ ਸੰਭਾਲਣ ਦੀ ਜਾਚ ਰੱਖਦਾ ਹਾਂ।"

ਇਸਤਰੀ ਨੇ ਆਪਣੇ ਸਰੀਰ ਤੇ ਸਲੀਬ ਦਾ ਚਿੰਨ੍ਹ ਬਣਾਇਆ ਅਤੇ ਬੈਠ ਕੇ ਭੋਜਨ ਛਕਣ ਲੱਗੀ, ਮਾਰਤੀਨ ਨੇ ਬੱਚੇ ਨੂੰ ਬਿਸਤਰ ਤੇ ਲਿਟਾ ਦਿੱਤਾ ਅਤੇ ਪਾਸ ਬੈਠ ਗਿਆ। ਉਸਨੇ ਬੜਾ ਪੁਚਕਾਰਿਆ ਪਰ ਦੰਦ ਨਾ ਹੋਣ ਦੇ ਕਾਰਨ ਆਵਾਜ਼ ਚੰਗੀ ਨਹੀਂ ਸੀ ਨਿਕਲਦੀ ਇਸ ਕਰਕੇ ਬੱਚਾ ਰੋਂਦਾ ਹੀ ਰਿਹਾ। ਫੇਰ ਉਸਨੇ ਬੱਚੇ ਨਾਲ ਖੇਡਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਬੱਚਾ ਹੱਸਣ ਡਹਿ ਪਿਆ। ਮਾਰਤੀਨ ਵੀ ਬਹੁਤ ਖ਼ੁਸ਼ ਹੋਇਆ। ਇਸਤਰੀ ਬੈਠੀ ਭੋਜਨ ਛਕਦੀ ਰਹੀ ਅਤੇ ਗੱਲਾਂ ਕਰਦੀ ਰਹੀ ਕਿ ਉਹ ਕੌਣ ਹੈ ਅਤੇ ਕਿਥੇ ਜਾ ਕੇ ਆਈ ਹੈ। "ਮੈਂ ਇਕ ਸੈਨਕ ਦੀ ਪਤਨੀ ਹਾਂ," ਉਸ ਨੇ ਕਿਹਾ। ਅੱਠ ਮਹੀਨੇ ਹੋਏ ਉਹਨਾਂ ਨੇ ਮੇਰੇ ਪਤੀ ਨੂੰ ਕਿਸੇ ਦੁਰਾਡੀ ਥਾਂ ਤੇ ਬਦਲਕੇ ਭੇਜ ਦਿੱਤਾ ਅਤੇ ਉਦੋਂ ਤੋਂ ਮੈਨੂੰ ਉਸਦੀ ਕੋਈ ਉਘ ਸੁਘ ਨਹੀਂ ਮਿਲ ਰਹੀ ਹੈ। ਮੈਂ ਬਾਲ ਹੋਣ ਤੋਂ ਪਹਿਲਾਂ ਇਕ ਰਸੋਈ ਵਿਚ ਕੰਮ ਕਰਦੀ ਸੀ ਪਰ ਫੇਰ ਬਾਲ ਹੋਣ ਕਰਕੇ ਮੈਨੂੰ ਕੰਮ ਤੋਂ ਜਵਾਬ ਮਿਲ ਗਿਆ। ਹੁਣ ਤਿੰਨ ਮਹੀਨਿਆਂ ਤੋਂ ਕੰਮ ਲਈ ਨੱਸ ਭੱਜ ਕਰ ਰਹੀ ਹਾਂ, ਕਿਤੇ ਹੱਥ ਨਹੀਂ ਪੈਂਦਾ, ਜੋ ਕੁਝ ਮੇਰੇ ਪੱਲੇ ਸੀ ਇਸ ਸਮੇਂ ਵਿਚ ਲੱਗ ਮੁੱਕ ਗਿਆ ਹੈ। ਹੁਣ ਮੈਂ ਅਪਣੇ ਪਿੰਡ ਦੀ ਇਕ ਮੁਲਾਜ਼ਮ ਇਸਤਰੀ ਨੂੰ ਮਿਲਣ ਲਈ ਆਈ ਹਾਂ। ਉਸਨੇ ਕੰਮ ਦੇਣ ਦਾ ਵਾਇਦਾ ਕੀਤਾ ਹੋਇਆ ਸੀ। ਮੇਰਾ ਖ਼ਿਆਲ ਸੀ ਕਿ ਬਸ ਕੰਮ ਬਣਿਆ ਹੀ ਸਮਝੋ ਪਰ ਉਸਨੇ ਮੈਨੂੰ ਅਗਲੇ ਹਫਤੇ ਆਣ ਲਈ ਕਹਿ ਦਿੱਤਾ ਹੈ। ਉਸ ਦਾ ਘਰ ਏਥੋਂ ਚੋਖੀ ਦੂਰੀ ਤੇ ਹੈ, ਮੈਂ ਥੱਕ ਹਾਰ ਚੁੱਕੀ ਹੋਈ ਹਾਂ, ਬੱਚਾ ਬਹੁਤ ਭੁੱਖਾ ਹੈ, ਵਿਚਾਰੀ ਨਿੱਕੀ ਜਾਨ। ਚੰਗੇ ਭਾਗਾਂ ਨੂੰ ਸਾਡੀ ਮਾਲਕ ਮਕਾਨ ਨੇ ਸਾਡੇ ਤੇ ਤਰਸ ਖਾ ਕੇ ਸਾਨੂੰ ਮੁਫ਼ਤ ਰਿਹਾਇਸ਼ ਦਿੱਤੀ ਹੋਈ ਹੈ, ਨਹੀਂ ਪਤਾ ਨਹੀਂ ਸਾਡਾ ਕੀ ਬਣਦਾ ?"

ਮਾਰਤੀਨ ਨੇ ਹੌਕਾ ਭਰਿਆ। "ਤੇਰੇ ਪਾਸ ਕੋਈ ਗਰਮ ਕੱਪੜੇ ਨਹੀਂ ਹਨ ?" ਉਸਨੇ ਪੁਛਿਆ।

"ਮੇਰੇ ਪਾਸ ਗਰਮ ਕੱਪੜੇ ਕਿਥੋਂ ਹੋਣੇ ਸਨ। ਅਜੇ ਕੱਲ੍ਹ ਹੀ ਮੈਂ ਆਪਣਾ ਗਰਮ ਸ਼ਾਲ ਛੇ ਪੈਸਾਂ ਵਿਚ ਗਿਰਵੀ ਰਖਿਆ ਹੈ, ਇਹ ਆਖਰੀ ਗਰਮ ਕਪੜਾ ਸੀ ਮੇਰੇ ਪਾਸ।"

ਔਰਤ ਨੇ ਆ ਕੇ ਬੱਚੇ ਨੂੰ ਗੋਦੀ ਚੁੱਕ ਲਿਆ ਅਤੇ ਮਾਰਤੀਨ ਵੀ ਉਠ ਖਲੋਤਾ। ਉਸਨੇ ਜਾ ਕੇ ਕੰਧ ਤੇ ਟੰਗੀਆਂ ਵਸਤਾਂ ਵਿਚ ਕੁਝ ਭਾਲ ਕੀਤੀ ਅਤੇ ਇਕ ਪੁਰਾਣਾ ਚੋਗਾ ਕੱਢ ਲਿਆਇਆ। "ਆਹ ਲੈ," ਉਸਨੇ ਕਿਹਾ, "ਇਹ ਭਾਵੇਂ ਪੁਰਾਣਾ ਅਤੇ ਖਸਤਾ ਹੀ ਹੈ ਪਰ ਬੱਚੇ ਨੂੰ ਲਪੇਟਣ ਦੇ ਕੰਮ ਆ ਜਾਵੇਗਾ।"

ਇਸਤਰੀ ਨੇ ਚੋਗੇ ਵੱਲ ਦੇਖਿਆ, ਫੇਰ ਬਜ਼ੁਰਗ ਵੱਲ ਅਤੇ ਉਹ ਫੁੱਟ ਕੇ ਰੋ ਪਈ, ਹੰਝੂ ਵਹਿ ਤੁਰੇ। ਮਾਰਤੀਨ ਨੇ ਹੱਟ ਕੇ ਮੰਜੇ ਹੇਠੋਂ ਇਕ ਟਰੰਕੀ ਧੂ ਕੇ ਕਢੀ। ਉਸਦੀ ਫਰੋਲਾ ਫਰਾਲੀ ਕੀਤੀ ਅਤੇ ਉਸ ਇਸਤਰੀ ਦੇ ਸਾਹਮਣੇ ਬੈਠ ਗਿਆ। ਇਸਤਰੀ ਨੇ ਕਿਹਾ—"ਰੱਬ ਤੇਰਾ ਭਲਾ ਕਰੇ, ਬਾਬਾ। ਜਾਪਦਾਂ ਹੈ ਪ੍ਰਭੂ ਈਸਾ ਨੇ ਹੀ ਮੈਨੂੰ ਤੇਰੀ ਖਿੜਕੀ ਲਾਗੇ ਭੇਜਿਆ ਸੀ, ਨਹੀਂ ਤਾਂ ਬਾਲ ਨੇ ਠੰਡ ਨਾਲ ਯੱਖ ਹੋ ਜਾਣਾ ਸੀ। ਜਦੋਂ ਮੈਂ ਚੱਲੀ ਸੀ ਤਾਂ ਠੰਡ ਕੁਝ ਘੱਟ ਸੀ, ਹੁਣ ਦੇਖ ਲਵੋ ਕਿਤਨੀ ਵਧ ਗਈ ਹੈ। ਪ੍ਰਭੂ ਈਸਾ ਨੇ ਹੀ ਤੈਨੂੰ ਬਾਰੀ ਵਿਚੋਂ ਬਾਹਰ ਝਾਤੀ ਮਾਰਨ ਲਈ ਕਿਹਾ ਹੋਵੇਗਾ ਅਤੇ ਮੇਰੇ ਗਰੀਬਣੀ ਤੇ ਤਰਸ ਖਾਣ ਦੇ ਲਈ ਕਿਹਾ


Sri Satguru Jagjit Singh Ji eLibrary NamdhariElibrary@gmail.com

ਹੋਵੇਗਾ।"

ਮਾਰਤੀਨ ਨੇ ਮੁਸਕਰਾ ਕੇ ਕਿਹਾ, "ਇਹ ਸੱਚ ਹੀ ਹੈ ਦੇਵੀ, ਇਹ ਉਸੇ ਦੀ ਕਰਨੀ ਹੈ। ਮੈਂ ਉਂਞ ਹੀ ਨਹੀਂ ਸੀ ਬਾਰੀ ਵਿਚੋਂ ਝਾਕ ਰਿਹਾ।" ਅਤੇ ਉਸ ਨੇ ਉਸ ਇਸਤਰੀ ਨੂੰ ਆਪਣੇ ਸੁਪਨੇ ਬਾਰੇ ਦਸਿਆ ਕਿ ਕਿੰਞ ਉਸਨੇ ਪ੍ਰਭੂ ਦੀ ਆਵਾਜ਼ ਸੁਣੀ ਸੀ ਕਿ ਉਹ ਅੱਜ ਉਸਦੇ ਘਰ ਪਧਾਰੇਗਾ।

"ਕੌਣ ਕਹਿ ਸਕਦਾ ਹੈ ?" ਸਭ ਕੁਝ ਸੰਭਵ ਹੈ, "ਇਸਤਰੀ ਨੇ ਕਿਹਾ। ਉਹ ਉਠ ਖੜੋਤੀ ਅਤੇ ਆਪਣੇ ਮੋਢਿਆ ਤੇ ਚੋਗਾ ਸੁੱਟ ਕੇ ਆਪਣੇ ਆਪ ਨੂੰ ਤੇ ਬਾਲ ਨੂੰ ਉਸ ਵਿਚ ਲਪੇਟ ਲਿਆ। ਫੇਰ ਉਸਨੇ ਝੁੱਕ ਕੇ ਇਕ ਵਾਰੀ ਫੇਰ ਮਾਰਤੀਨ ਦਾ ਧਨਵਾਦ ਕੀਤਾ।

"ਰੱਬ ਦਾ ਵਾਸਤਾ ਈ, ਆਹ ਪਰਵਾਨ ਕਰ", ਮਾਰਤੀਨ ਨੇ ਕਿਹਾ ਅਤੇ ਉਸਨੂੰ ਛੇ ਪੈਂਸ ਸ਼ਾਲ ਨੂੰ ਗਿਰਵੀ ਤੋਂ ਛੁਡਵਾਨ ਦੇ ਲਈ ਦੇ ਦਿੱਤੇ। ਇਸਤਰੀ ਨੇ ਸਰੀਰ ਤੇ ਸਲੀਬ ਬਣਾਈ, ਮਾਰਤੀਨ ਨੇ ਵੀ ਬਣਾਈ ਅਤੇ ਉਸਨੂੰ ਵਿਦਾਅ ਕਰਨ ਲਈ ਬੂਹੇ ਤੱਕ ਗਿਆ।

ਇਸਤਰੀ ਦੇ ਚਲੇ ਜਾਣ ਮਗਰੋਂ ਮਾਰਤੀਨ ਨੇ ਬੰਦ ਗੋਭੀ ਦਾ ਕੁਝ ਸੂਪ ਪੀਤਾ, ਦਸਤਰਖ਼ਾਨ ਸਮੇਟਿਆ ਅਤੇ ਮੁੜ ਆਪਣੇ ਕੰਮ ਤੇ ਬੈਠ ਗਿਆ। ਉਹ ਬੈਠਾ ਕੰਮ ਤੇ ਜੁਟਿਆ ਰਿਹਾ ਪਰ ਉਸਨੇ ਖਿੜਕੀ ਦਾ ਵਸਾਹ ਨਾ ਖਾਧਾ, ਜਦੋਂ ਵੀ ਕੋਈ ਲੰਘਦਾ ਤਾਂ ਉਹ ਝਟ ਦੇਖਦਾ ਕਿ ਕੌਣ ਸੀ। ਜਾਣੇ ਅਤੇ ਅਣਜਾਣੇ ਲੋਕ ਲੰਘਦੇ ਰਹੇ ਪਰ ਕੋਈ ਵੀ ਵਿਸ਼ੇਸ਼ ਨਹੀਂ ਸੀ।

ਕੁਝ ਦੇਰ ਬਾਅਦ ਮਾਰਤੀਨ ਨੇ ਇਕ ਸੇਬ-ਵਿਕਰੇਤਾ ਇਸਤਰੀ ਨੂੰ ਖਿੜਕੀ ਦੇ ਐਨ ਸਾਹਮਣੇ ਰੁਕਦਿਆਂ ਦੇਖਿਆ। ਉਸਦੇ ਪਾਸ ਵੱਡੀ ਸਾਰੀ ਟੋਕਰੀ ਸੀ ਜਿਸ ਵਿਚ ਵਿਕਣ ਤੋਂ ਬਚੇ ਹੋਏ ਥੋੜੇ ਜਹੇ ਸੇਬ ਹੀ ਸਨ। ਉਸ ਦੀ ਪਿੱਠ ਤੇ ਸੁੱਕਾ ਛਿੱਲੜਾਂ ਦਾ ਭਰਿਆ ਹੋਇਆ ਇਕ ਬੋਰਾ ਸੀ ਜੋ ਕਿ ਉਹ ਘਰ ਨੂੰ ਲੈ ਜਾ ਰਹੀ ਸੀ। ਇਹ ਉਸਨੇ ਕਿਸੇ ਉਸਰ ਰਹੀ ਇਮਾਰਤ ਵਿਚੋਂ ਲਏ ਹੋਣਗੇ। ਉਹ ਬੋਰੇ ਨੂੰ ਇਕ ਮੋਢੇ ਤੋਂ ਦੂਜੇ ਦੇ ਕਰਨਾ ਚਾਂਹਦੀ ਸੀ। ਉਸਨੇ ਬੋਰਾ ਪੱਟੜੀ ਤੇ ਰੱਖ ਦਿਤਾ ਅਤੇ ਟੋਕਰਾ ਕੰਧੜੀ ਜਹੀ ਤੇ ਟਿਕਾ ਦਿਤਾ ਅਤੇ ਬੋਰੇ ਨੂੰ ਹਿਲਾ ਹਿਲਾ ਕੇ ਸੱਕਾਂ ਦੀ ਤਹਿ ਬਿਠਾਣ ਡਹਿ ਪਈ। ਉਸੇ ਸਮੇਂ ਇਕ ਮੁੰਡਾ ਆਇਆ, ਟੋਕਰੇ ਵਿਚੋਂ ਇਕ ਸੇਬ ਝਪਟਿਆ ਅਤੇ ਖਿਸਕਣ ਲੱਗਾ ਪਰ ਬੁਢੀ ਨੇ ਉਸ ਨੂੰ ਦੇਖ ਲਿਆ ਤੇ ਬਾਂਹ ਤੋਂ ਫੜ ਲਿਆ। ਉਹ ਆਪਣੇ ਆਪ ਨੂੰ ਛੁਡਾਣ ਦੀ ਕੋਸ਼ਿਸ਼ ਕਰਨ ਲੱਗਾ ਪਰ ਮਾਈ ਨੇ ਉਸ ਨੂੰ ਦੋਹਾਂ ਹੱਥਾਂ ਨਾਲ ਨੱਪ ਲਿਆ, ਉਸਦੀ ਟੋਪੀ ਲਾਹ ਮਾਰੀ ਅਤੇ ਜੁੰਡੇ ਫੜ ਲਏ। ਮੁੰਡਾ ਚੀਕਿਆ, ਮਾਈ ਨੇ ਉਸਨੂੰ ਕੋਸਿਆ। ਮਾਰਤੀਨ ਨੇ ਆਪਣੀ ਰੰਬੀ ਰੱਖ ਦਿਤੀ ਅਤੇ ਤੇਜ਼ੀ ਨਾਲ ਬੂਹੇ ਤੋਂ ਬਾਹਰ ਨਿਕਲਿਆ। ਕਾਹਲੀ ਵਿਚ ਪੌੜੀਆਂ ਵਿਚ ਅੜਕਿਆ ਤਾਂ ਉਸਦੀਆਂ ਐਨਕਾਂ ਡਿਗ ਪਈਆਂ ਪਰ ਉਹ ਬੂਹੇ ਵੱਲ ਨੂੰ ਧਾਅ ਕੇ ਗਿਆ। ਮਾਈ ਮੁੰਡੇ ਦੇ ਜੁੰਡ ਪੁੱਟ ਰਹੀ ਸੀ ਅਤੇ ਕੋਸ ਰਹੀ ਸੀ ਨਾਲ ਥਾਣੇ ਲੈ ਜਾਣ ਦੀਆਂ ਧਮਕੀਆਂ ਦੇ ਰਹੀ ਸੀ। ਮੁੰਡਾ ਰੌਲਾ ਰੱਪਾ ਪਾ ਰਿਹਾ ਸੀ ਚੋਰੀ ਤੋਂ ਮੁੱਕਰ ਰਿਹਾ ਸੀ। ਅਖੇ ਮੈਂ ਸੇਬ ਨਹੀਂ ਲਿਆ ਹੈ ਫੇਰ ਮੈਨੂੰ ਕੁਟਿਆ ਕਿਉਂ ਜਾ ਰਿਹਾ ਹੈ, ਛੱਡ ਮੈਨੂੰ।"

ਮਾਰਤੀਨ ਨੇ ਦੋਹਾਂ ਨੂੰ ਵੱਖ ਕੀਤਾ। ਉਸਨੇ ਮੁੰਡੇ ਦਾ ਹੱਥ ਫੜਕੇ ਕਿਹਾ, "ਮਾਈ ਇਸ ਨੂੰ ਜਾਣ ਦੇ, ਰੱਬ ਲੇਖੇ ਇਸ ਨੂੰ ਬਖਸ਼ ਦੇ।"

"ਮੈਂ ਇਸ ਨੂੰ ਬੰਦਾ ਬਣਾ ਕੇ ਛਡਾਂਗੀ ਤਾਂ ਜੋ ਯਾਦ ਰੱਖੇ। ਮੈਂ ਇਸ ਬਦਮਾਸ਼ ਨੂੰ ਥਾਣੇ ਲੈ ਕੇ ਜਾਵਾਂਗੀ।"

ਮਾਰਤੀਨ ਮਾਈ ਨੂੰ ਸ਼ਾਂਤ ਕਰਨ ਲੱਗਾ, "ਮਾਈ ਇਸ ਨੂੰ ਜਾਣ ਦੇ, ਉਹ ਮੁੜ ਇੰਞ ਨਹੀਂ ਕਰੇਗਾ। ਰੱਬ ਦਾ ਵਾਸਤਾ ਹੈ, ਪ੍ਰਭੂ ਈਸਾ ਦੇ ਨਾਂ ਤੇ ਬਖਸ਼ ਦੇ ਇਸ ਨੂੰ।

ਮਾਈ ਨੇ ਛੱਡ ਦਿਤਾ, ਮੁੰਡਾ ਨੱਸ ਜਾਣਾ ਚਾਂਹਦਾ ਸੀ, ਪਰ ਮਾਰਤੀਨ ਨੇ ਉਸ ਨੂੰ ਰੋਕ ਲਿਆ। "ਮਾਈ ਪਾਸੋਂ ਖਿਮਾ ਮੰਗ ਕਾਕਾ," ਉਸ ਨੇ ਕਿਹਾ, ਅਤੇ ਇਹ ਭੁੱਲ ਫੇਰ ਨਾ ਕਦੇ ਕਰੀਂ। ਸੇਬ ਚੁੱਕਦਿਆਂ ਤਾਂ ਖੁਦ ਮੈਂ ਤੈਨੂੰ ਦੇਖਿਆ ਹੈ।"

ਮੁੰਡਾ ਰੋ ਕੇ ਮੁਆਫ਼ੀ ਮੰਗਣ ਲੱਗਾ।

"ਇਹ ਹੋਈ ਨਾ ਗੱਲ। ਅਤੇ ਹੁਣ ਆਹ ਲੈ ਫੜ ਇਕ ਸੇਬ," ਮਾਰਤੀਨ ਨੇ ਟੋਕਰੀ 'ਚੋਂ ਇਕ ਸੇਬ ਚੁੱਕ ਕੇ ਮੁੰਡੇ ਨੂੰ ਦਿੱਤਾ, "ਮਾਈ ਇਸ ਦੇ ਪੈਸੇ ਮੈਂ ਦਿਆਂਗਾ।"

"ਇਸ ਤਰ੍ਹਾਂ ਤੂੰ ਇਹਨਾਂ ਸ਼ੈਤਾਨਾਂ ਨੂੰ ਵਿਗਾੜ ਛੱਡੇਂਗਾ," ਮਾਈ ਨੇ ਕਿਹਾ। ਉਸਦੀ ਤਾਂ ਛਿੱਤਰੌਲ ਹੋਣੀ ਚਾਹੀਦੀ ਸੀ ਇਸ ਚੋਰੀ ਦੇ ਜੁਰਮ ਵਿਚ, ਤਾਂ ਜੋ ਯਾਦ ਰੱਖਦਾ।"

"ਛੱਡ ਪਰੇ ਮਾਈ," ਮਾਰਤੀਨ ਨੇ ਕਿਹਾ, ਇਹ ਸਾਡੇ ਢੰਗ ਹਨ—ਪਰ ਰੱਬ ਦੇ ਢੰਗ ਇੰਞ ਦੇ ਨਹੀਂ ਹਨ। ਜੇਕਰ ਇਕ ਸੇਬ ਦੀ ਚੋਰੀ ਬਦਲੇ ਉਸਦੀ ਛਿੱਤਰੌਲ ਹੋਣੀ ਚਾਹੀਦੀ ਸੀ ਤਾਂ ਸਾਡੇ ਪਾਪਾਂ ਬਦਲੇ ਸਾਡੇ ਨਾਲ ਕਿੰਞ ਹੋਣੀ ਚਾਹੀਦੀ ਹੈ ?"

ਬੁਢੀ ਮਾਈ ਚੁੱਪ ਸੀ।

ਮਾਰਤੀਨ ਨੇ ਮਾਈ ਨੂੰ ਪ੍ਰਭੂ ਦੀ ਉਹ ਸਾਖੀ ਸੁਣਾਈ ਕਿ ਕਿਵੇਂ ਇਕ ਮਾਲਕ ਨੇ ਆਪਣੇ ਨੌਕਰ ਨੂੰ ਭਾਰੀ ਕਰਜ਼ੇ ਦੀ ਰਕਮ ਮੁਆਫ਼ ਕਰ ਦਿਤੀ ਸੀ ਅਤੇ ਉਸ ਨੌਕਰ ਨੇ ਬਾਹਰ ਜਾ ਕਿ ਕਿਵੇਂ ਆਪਣੇ ਇਕ ਦੇਣਦਾਰ ਨੂੰ ਸੰਘੋਂ


Sri Satguru Jagjit Singh Ji eLibrary NamdhariElibrary@gmail.com

ਜਾ ਫੜਿਆ ਸੀ। ਮਾਈ ਨੇ ਸਾਰੀ ਸਾਖੀ ਸੁਣੀ ਅਤੇ ਉਹ ਮੁੰਡਾ ਵੀ ਪਾਸ ਖੜੋ ਕੇ ਸੁਣਦਾ ਰਿਹਾ ਸੀ।

"ਪਰਮਾਤਮਾ ਸਾਨੂੰ ਬਖਸ਼ੇ," ਮਾਰਤੀਨ ਨੇ ਕਿਹਾ, "ਨਹੀਂ ਤਾਂ ਸਾਡਾ ਕੋਈ ਠਕਾਣਾ ਨਹੀਂ ਹੈ। ਸਾਰਿਆਂ ਦੀਆਂ ਭੁਲਾਂ ਬਖਸ਼ ਦੇਣੀਆਂ ਚਾਹੀਦੀਆਂ ਹਨ ਅਤੇ ਬੇਸੂਝਾਂ ਨੂੰ ਤਾਂ ਬਿਲਕੁਲ ਹੀ ਬਖ਼ਸ਼ ਦੇਣਾ ਚਾਹੀਦਾ ਹੈ।"

ਮਾਈ ਨੇ ਹਾਮੀ ਵਿਚ ਸਿਰ ਹਿਲਾਇਆ ਅਤੇ ਇਕ ਹੌਕਾ ਭਰਿਆ। "ਤੇਰੀ ਗੱਲ ਹੈ ਤਾਂ ਠੀਕ ਭਾਈ ਪਰ ਇਹ ਮੁੰਡੇ ਬਹੁਤੇ ਹੀ ਵਿਗੜ ਚਲੇ ਹਨ।"

"ਫੇਰ ਤਾਂ ਸਾਡਾ, ਵਡੇਰਿਆਂ ਦਾ, ਫਰਜ਼ ਬਣ ਜਾਂਦਾ ਹੈ ਅਸੀਂ ਇਹਨਾਂ ਵਾਸਤੇ ਮਿਸਾਲ ਸਿਧ ਹੋਈਏ," ਮਾਰਤੀਨ ਨੇ ਕਿਹਾ।

"ਇਹੋ ਤਾਂ ਮੈਂ ਕਹਿੰਦੀ ਹਾਂ," ਮਾਈ ਨੇ ਕਿਹਾ। ਮੇਰੇ ਵੀ ਸੱਤ ਬੱਚੇ ਹੋਏ ਸਨ ਪਰ ਹੁਣ ਬਸ ਇਹ ਧੀ ਹੀ ਹੈ।" ਇਹ ਮਾਈ ਨੇ ਦਸਣਾ ਸ਼ੁਰੂ ਕੀਤਾ ਕਿ ਉਹ ਕਿਥੇ ਰਹਿੰਦੀ ਹੈ, ਆਪਣੀ ਧੀ ਦੇ ਨਾਲ, ਅਤੇ ਉਹਦੇ ਕਿਤਨੇ ਦੋਹਤਰੇ ਦੋਹਤਰੀਆਂ ਹਨ। ਹੁਣ ਤਾਂ ਭਾਈ ਸਰੀਰ ਖੜਾ ਹੈ। ਜਾਣੀ, ਜਾਨ ਜਹੀ ਨਹੀਂ ਰਹੀ, ਫੇਰ ਵੀ ਦੋਹਤਿਆਂ ਦੋਹਤੀਆਂ ਲਈ ਮੇਹਨਤ ਕਰਦੀ ਹਾਂ। ਬੜੇ ਪਿਆਰੇ ਬੱਚੇ ਹਨ ਉਹ। ਬਚਿਆਂ ਤੋਂ ਬਿਨਾ ਕੋਈ ਵੀ ਮੈਨੂੰ ਮਿਲਦਾ-ਗਿਲਦਾ ਨਹੀਂ ਹੈ। ਨਿੱਕੀ ਐਨੀ ਤਾਂ ਮੇਰਾ ਖਹਿੜਾ ਹੀ ਨਹੀਂ ਛਡਦੀ। ਨਾਨੀ ਜੀ, ਪਿਆਰੀ ਨਾਨੀ, ਚੰਗੀ ਨਾਨੀ ਕਹਿੰਦੀ ਰਹਿੰਦੀ ਹੈ ਅਤੇ ਗੱਲਾਂ ਕਰਦੀ ਮਾਈ ਦਾ ਮਨ ਭਰ ਆਇਆ।

"ਆਹੋ ਭਾਈ ਇਹ ਇਸ ਮੁੰਡੇ ਦਾ ਮੁੰਡਪਣਾ ਹੀ ਸੀ, ਰੱਬ ਇਹਦਾ ਭਲਾ ਕਰੇ," ਮਾਈ ਨੇ ਮੁੰਡੇ ਵਲ ਦੇਖਕੇ ਕਿਹਾ।

ਮਾਈ ਆਪਣਾ ਥੈਲਾ ਪਿਠ ਤੇ ਰੱਖਣ ਵਾਲੀ ਹੀ ਸੀ ਕਿ ਮੁੰਡਾ ਕਾਹਲੀ ਨਾਲ ਅਗੇ ਵਧਿਆ ਤੇ ਕਿਹਾ, ਮਾਂ ਇਹ ਮੈਂ ਚੁਕ ਲੈਂਦਾ ਹਾਂ, ਮੈਂ ਵੀ ਉਸੇ ਪਾਸੇ ਨੂੰ ਜਾਣਾ ਹੈ। ਮਾਈ ਨੇ ਥੈਲਾ ਮੁੰਡੇ ਦੀ ਪਿਠ ਤੇ ਰੱਖ ਦਿਤਾ ਅਤੇ ਦੋਵੇਂ ਚੱਲ ਪਏ। ਮਾਈ ਮਾਰਤੀਨ ਪਾਸੋਂ ਸੇਬ ਦੇ ਪੈਸੇ ਲੈਣੇ ਵੀ ਭੁਲ ਗਈ। ਮਾਰਤੀਨ ਖੜੋਤਾ ਹੋਇਆ ਦੋਹਾਂ ਨੂੰ ਗੱਲਾਂ ਕਰਦਿਆਂ ਜਾਂਦਿਆਂ ਦੇਖਦਾ ਰਿਹਾ। ਜਦੋਂ ਉਹ ਅੱਖਾਂ ਤੋਂ ਓਹਲੇ ਹੋ ਗਏ ਤਾਂ ਮਾਰਤੀਨ ਅੰਦਰ ਚਲਿਆ ਗਿਆ ਅਤੇ ਮੁੜ ਆਪਣੇ ਆਹਰੇ ਲੱਗ ਗਿਆ। ਕੁਝ ਚਿਰ ਕੰਮ ਕਰਨ ਮਗਰੋਂ ਹੁਣ ਨਜ਼ਰ ਨੇ ਕੰਮ ਕਰਨਾ ਬੰਦ ਕਰ ਦਿਤਾ ਸੀ, ਉਸ ਨੇ ਦੇਖਿਆ ਕਿ ਗਲੀ ਦੇ ਚਰਾਗ਼ ਰੋਸ਼ਨ ਕਰਨ ਵਾਲਾ ਕਰਮਚਾਰੀ ਦੀਵੇ ਜਗਾਣ ਲਈ ਲੰਘ ਰਿਹਾ ਸੀ।

"ਦੀਵਾ ਬੱਤੀ ਕਰਨ ਦਾ ਵੇਲਾ ਹੋ ਗਿਆ ਜਾਪਦਾ ਹੈ, ਉਸਨੇ ਸੋਚਿਆ। ਉਸਨੇ ਦੀਵਾ ਜਗਾਇਆ ਅਤੇ ਮੁੜ ਕੰਮ ਤੇ ਬੈਠ ਗਿਆ। ਉਸਨੇ ਇਕ ਬੂਟ ਮੁਕਾ ਲਿਆ ਸੀ, ਉਸਨੂੰ ਚੰਗੀ ਤਰ੍ਹਾਂ ਨਾਲ ਜਾਂਚਿਆ। ਠੀਕ ਠਾਕ ਹੀ ਜਾਪਿਆ। ਉਸਨੇ ਆਪਣੇ ਸੰਦ ਇਕਠੇ ਕੀਤੇ, ਚਮੜੇ ਦੇ ਟੁਕੜੇ ਚੁੱਕ, ਆਰ, ਧਾਗਾ ਅਤੇ ਰੰਬੀ ਪਾਸੇ ਰੱਖ ਕੇ ਦੀਪ ਚੁੱਕ ਕੇ ਮੇਜ਼ ਤੇ ਟਕਾਇਆ ਅਤੇ ਆਪਣੀ ਪਾਠ-ਪੁਸਤਕ ਚੁੱਕ ਲਈ। ਪੁਸਤਕ ਖੋਲਦਿਆਂ ਹੀ ਮਾਰਤੀਨ ਦੇ ਮਨ ਵਿਚ ਕਲ੍ਹ ਵਾਲੇ ਸੁਪਨੇ ਦੀ ਗੱਲ ਆਈ ਅਤੇ ਇਹ ਵਿਚਾਰ ਉਸਦੇ ਮਨ ਵਿਚ ਆਇਆ ਹੀ ਸੀ ਕਿ ਉਸ ਨੂੰ ਪੈਰ ਚਾਪ ਸੁਣਾਈ ਦਿਤੀ, ਉਹਨੇ ਮੁੜ ਕੇ ਦੇਖਿਆ ਤਾਂ ਜਾਪਿਆ ਕਿ ਹਨੇਰੇ ਕੋਨੇ ਵਿਚ ਬੰਦੇ ਖੜੋਤੇ ਹਨ, ਪਰ ਉਸ ਦੀ ਉਹ ਪਹਿਚਾਣ ਵਿਚ ਨਹੀਂ ਆ ਰਹੇ ਸਨ ਕਿ ਉਸਨੇ ਕੰਨ ਵਿਚ ਧੀਮੀ ਜਹੀ ਆਵਾਜ਼ ਆਈ, "ਮਾਰਤੀਨ, ਮਾਰਤੀਨ, ਮੈਨੂੰ ਨਹੀਂ ਜਾਣਦਾ ?"

"ਕੌਣ ਹੈ ਇਹ ?" ਮਾਰਤੀਨ ਨੇ ਆਪਣੇ ਆਪਨੂੰ ਕਿਹਾ।

"ਇਹ ਮੈਂ ਹਾਂ, ਆਵਾਜ਼ ਨੇ ਕਿਹਾ।" ਅਤੇ ਹਨੇ[...] ਕੋਨੇ ਵਿਚੋਂ ਸਤੈਪਾਨੀਚ ਬਾਹਰ ਆਇਆ, ਉਹ ਮੁਸਕਰਾਇਅ[...] ਅਤੇ ਅਲੋਪ ਹੋ ਗਿਆ, ਛਾਈਂ ਮਾਈਂ।

"ਇਹ ਮੈਂ ਹਾਂ।" ਆਵਾਜ਼ ਨੇ ਫੇਰ ਕਿਹਾ। ਅ[...] ਹਨੇਰ ਵਿਚੋਂ ਬਚੇ ਨੂੰ ਗੋਦੀ ਚੁੱਕੀ ਇਸਤਰੀ ਬਾਹਰ ਆਈ[...] ਉਹ ਮੁਸਕਰਾਈ, ਬੱਚਾ ਹੱਸਿਆ, ਉਹ ਵੀ ਛਾਈਂ ਮਾ[...] ਹੋ ਗਏ।

"ਇਹ ਮੈਂ ਹਾਂ। ਆਵਾਜ਼ ਨੇ ਇਕ ਵਾਰ [...] ਕਿਹਾ। ਬੁਢੀ ਮਾਈ ਅਤੇ ਮੁੰਡਾ, ਸੇਬ ਸਮੇਤ ਸਾਹਮਣੇ ਅ[...] ਦੋਵੇਂ ਮੁਸਕਰਾਏ, ਅਤੇ ਉਹ ਵੀ ਅਲੋਪ ਹੋ ਗਏ।

ਮਾਰਤੀਨ ਦੀ ਆਤਮਾ ਖਿੜ ਉਠੀ। ਉਸ ਨੇ ਸਰੀ[...] ਪਵਿਤਰ ਸਲੀਬ ਦਾ ਚਿਨ੍ਹ ਬਣਾਇਆ, ਐਨਕਾਂ ਲਗਾ[...] ਪਾਠ ਕਰਨ ਲਗਾ। ਜਿਥੋਂ ਪੁਸਤਕ ਖੁੱਲ੍ਹੀ ਗਈ ਉਸ [...] ਦੇ ਉਪਰ ਲਿਖਿਆ ਹੋਇਆ ਸੀ—"ਮੈਂ ਭੁਖਾ ਸੀ ਤੂੰ [...] ਭੋਜਨ ਦਿਤਾ। ਮੈਂ ਪਿਆਸਾ ਸੀ ਤੂੰ ਮੇਰੀ ਪਿਆਰ ਬੁਝਾ[...] ਮੈਂ ਪਰਦੇਸੀ ਅਣੋਭੜ ਸੀ ਤੂੰ ਮੈਨੂੰ ਅੰਦਰ ਖੜਿਆ। [...] ਪੰਨੇ ਦੇ ਧੁਰ ਹੇਠਾਂ ਉਸ ਨੇ ਪੜ੍ਹਿਆ। ਤੂੰ ਜੋ ਕੁ[...] ਇਹਨਾਂ ਮੇਰੇ ਭਰਾਵਾਂ ਦੇ ਲਈ ਕੀਤਾ ਹੈ, ਭਾਵੇਂ ਕਿਤਨ[...] ਨਿਗੁਣਾ ਹੈ ਪਰ ਤੂੰ ਇਹ ਮੇਰੇ ਲਈ ਕੀਤਾ ਹੈ।"

ਅਤੇ ਮਾਰਤੀਨ ਸਮਝ ਗਿਆ ਕਿ ਉਸਦਾ [...] ਸਾਕਾਰ ਹੋ ਗਿਆ ਹੈ ਅਤੇ ਪ੍ਰਭੂ ਸੱਚਮੁੱਚ ਉਸਦੇ [...] ਆਇਆ ਹੈ ਅਤੇ ਉਸ ਨੇ ਉਸਦੀ ਆਓ ਭਗਤ ਤੇ ਸੁ[...] ਕੀਤਾ ਹੈ।

ਪੰਜਾਬੀ ਰੂਪ : **ਸੁਰਜੀਤ ਖੁ[...]**

Sri Satguru Jagjit Singh Ji eLibrary
NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਗੋਸ਼ਟੀ

—ਜਗਦੀਸ਼ ਸਿੰਘ—

### ਬੇਯਕੀਨੀ ਤੋਂ ਯਕੀਨ ਤਕ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਵਤਾਰ ਸ਼ਤਾਬਦੀ ਮਨਾਉਣ ਵਾਸਤੇ ਆਰੰਭੇ ਕਾਰਜਾਂ ਵਿਚੋਂ ਇਕ ਅਹਿਮ ਪੜਾਅ ਸੀ ਸ਼ਤਾਬਦੀ ਕਮੇਟੀ ਵਲੋਂ ਆਯੋਜਿਤ, ਵਿਦਵਾਨਾਂ, ਲੇਖਕਾਂ, ਸਾਹਿਤਕਾਰਾਂ, ਪੱਤ੍ਰਕਾਰਾਂ, ਖੋਜੀਆਂ, ਇਤਿਹਾਸਕਾਰਾਂ, ਸਿਖਿਆ ਸ਼ਾਸਤਰੀਆਂ ਅਤੇ ਹੋਰ ਬੁਧੀਜੀਵੀਆਂ ਦੀ ਇਕ ਵਿਚਾਰ ਗੋਸ਼ਟੀ। ਨਵੀਂ ਦਿਲੀ ਦੇ ਮਸ਼ਹੂਰ ਸਭਿਆਚਾਰਕ ਖੇਤਰ, ਮੰਡੀ ਹਾਊਸ ਲਾਗੇ ਤਾਨਸੇਨ ਮਾਰਗ ਤੇ ਫੈਡਰੇਸ਼ਨ ਹਾਊਸ ਦੇ ਕਮਿਸ਼ਨ ਰੂਮ ਵਿਚ ਇਹ ਸਾਹਿਤਕ ਜੋੜ ਮੇਲਾ ਸੱਜਿਆ। ਸ਼ਤਾਬਦੀ ਕਮੇਟੀ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਬੜੇ ਚਿਰ ਤੋਂ ਇਸ ਗੋਸ਼ਟੀ ਦਾ ਪ੍ਰੋਗਰਾਮ ਬਣਾ ਰਹੇ ਸਨ। ਅਪਰੈਲ-ਮਈ ਤੋਂ ਇਹ ਪ੍ਰੋਗਰਾਮ ਅਗੇ ਪੈਂਦਾ ਪੈਂਦਾ ਜਦੋਂ ੮ ਸਤੰਬਰ ਨੂੰ ਹੋਣਾ ਨਿਸਚਿਤ ਹੋ ਗਿਆ ਤਾਂ ਯਕਦਮ ਸਭ ਕੁਝ ਅਨਿਸਚਿਤ ਹੋ ਗਿਆ। ਦਿੱਲੀ ਤੋਂ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਉਚੇਚੇ ਟੈਲੀਫੋਨ ਆਏ ਕਿ ਕ੍ਰਿਪਾ ਕਰਕੇ ਦਿਲੀ ਨਾ ਆਇਓ, ਇਥੇ ਕੋਈ ਪਤਾ ਨਹੀਂ ਕੀ ਹੋਣਾ ਹੈ। ਰੇਲ ਗੱਡੀਆਂ ਬੱਸਾਂ ਸਭ ਬੰਦ, ਦਿਲੀ ਵਿਚ ਲਗਾਤਾਰ ਬੰਦ-ਹੜਤਾਲ ਅਤੇ ਚੱਕੇ ਜਾਮ, ਸਤਿਗੁਰੂ ਜਗਜੀਤ ਸਿੰਘ ਜੀ ਥਾਈਲੈਂਡ ਤੋਂ ਜਹਾਜ਼ਾਂ ਦੀ ਰੁਕਾਵਟ ਕਾਰਨ ਵਾਪਸ ਨਹੀਂ ਆਏ, ਦਿਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਮਰਪਿਤ ਇਕ ਸੰਗੀਤ ਸੰਮੇਲਨ ਮਨਸੂਖ, ਅਤੇ ਪਛੇਤੀ ਬਾਰਸ਼ ਦਾ ਪ੍ਰਕੋਪ ਇਹ ਸਾਰੀਆਂ ਗਲਾਂ ਗੋਸ਼ਟੀ ਦੀ ਅਨਿਸਚਿਤਤਾ ਵਿਚ ਵਾਧਾ ਕਰਨ ਵਾਲੀਆਂ ਸਨ।

ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ੬ ਰਾਤ ਨੂੰ ਦਿਲੀ ਪੁਜਣ ਨਾਲ ਸਾਰੀ ਬੇ-ਯਕੀਨੀ ਨਿਸਚਿਤ ਯਕੀਨ ਵਿਚ ਬਦਲ ਗਈ। ੮ ਦੀ ਸਵੇਰ ਨੂੰ ਬਦਲ ਹਟਣ ਦੀ ਕੋਈ ਸੰਭਾਵਨਾ ਨਹੀਂ ਸੀ ਦਿਸਦੀ ਪਰ ਗੋਸ਼ਟੀ ਦੀ ਤਿਆਰੀ ਜੋਬਨ ਤੇ ਸੀ। ਸਾਡੇ ਇਤ੍ਰ ਮਿੱਤਰ ਸੰਤ ਜੋਗਾ ਸਿੰਘ ਨੇ ਨਵੀਂ ਮਾਰੂਤੀ ਵੈਨ ਖਰੀਦੀ ਸੀ। ਸਵੇਰੇ ਜਦੋਂ ਉਹਨਾਂ ਬਾਕੀ ਸੰਤ ਪੁਰਸ਼ਾਂ ਦੇ ਗਡੀ ਵਿਚ ਚਰਨ ਪੁਆਉਣ ਲਗਿਆਂ ਸਾਨੂੰ ਵੀ ਹੂਟਾ ਦੇ ਦਿਤਾ ਤਾਂ ਨਾਲ ਹੀ ਗੋਸ਼ਟੀ ਤਕ ਛੱਡ ਆਉਣ ਤੇ ਵਾਪਸ ਲਿਆਉਣ ਦਾ ਵਾਇਦਾ ਵੀ ਕਰ ਦਿਤਾ। ਅਸੀਂ ਪ੍ਰਸੰਨ ਸੀ ਕਿ ਬਾਰਸ਼ ਵਿਚ ਭਿਜਾਂਗੇ ਵੀ ਨਹੀਂ,



ਸਤਿਗੁਰੂ ਪ੍ਰਤਾਪ ਸਿੰਘ ਜੀ

ਸਕੂਟਰ ਸਵਾਰੀ ਵਾਂਗ ਦਾੜ੍ਹੀ ਵੀ ਨਹੀਂ ਖਿਲਰੇਗੀ ਤੇ ਕਪੜੇ ਵੀ ਬਚੇ ਰਹਿਣਗੇ। ਪ੍ਰੇਮ ਅਗੇ ਉਂਝ ਵੀ ਨੇਮ ਦੀ ਜਾਹ ਨਹੀਂ ਹੁੰਦੀ ਸੋ ਅਸੀਂ ਅਪਣੇ ਸੰਕਲਪਿਤ ਸਮੇਂ ਸਵੇਰੇ ੯ ਵਜੇ ਤਾਂ ਨਾ ਪੁਜ ਸਕੇ ਪਰ ਠੀਕ ੧੧ ਵਜੇ ਡਾ: ਅਮਰ ਭਾਰਤੀ, ਸ. ਸ. ਮਨਧੀਰ, ਦਲੀਪ ਸਿੰਘ ਨਾਮਧਾਰੀ ਦੇ ਸੰਗ ਸਾਥ ਵਿਚ ਗੋਸ਼ਟੀ ਸਥਲ ਤੇ ਪੁਜ ਗਏ।

### ਕਮਿਸ਼ਨ ਰੂਮ

ਗੇਟ ਉਤੇ ਸ: ਤਾਰਾ ਸਿੰਘ ਕਾਮਲ ਮਿਲੇ ਉਹਨਾਂ ਦੇ ਦਸਣ ਤੇ ਤੀਜਰੀ ਮੰਜ਼ਿਲ ਤੇ ਪੁਜੇ ਤਾਂ ਕਮਿਸ਼ਨ ਰੂਮ ਸਾਹਿਤ ਸਿਤਾਰਿਆਂ ਦੀ ਲੋਅ ਨਾਲ ਚਮਕ ਰਿਹਾ ਸੀ। ਕਮਿਸ਼ਨ ਰੂਮ ਦਾ ਵਿਸ਼ਾਲ ਹਾਲ ਅਰਧ ਦਾਇਰੇ ਵਿਚ ਪੱਕੇ ਮੇਜ਼ਾਂ, ਕੁਰਸੀਆਂ, ਮਾਈਕ੍ਰੋਫੋਨਾਂ ਨਾਲ ਸੁਸਜਿਤ ਸੀ। ਪਿਛਲੀਆਂ ਕਤਾਰਾਂ ਅਗਲੀਆਂ ਤੋਂ ਉਚੀਆਂ ਸਨ। ਮੇਜ਼ਾਂ ਉਤੇ ਹਰ ਸੀਟ ਅਗੇ ਸ਼ਤਾਬਦੀ ਕਮੇਟੀ ਵਲੋਂ ਸੁੰਦਰ ਉਪਹਾਰ, ਇਕ ਛਪਿਆਂ ਫਾਈਲ ਕਵਰ, ਉਸ ਵਿਚ ਵਿਚਾਰ ਗੋਚਰੇ ਛੱਪੇ ਹੋਏ ਪਰਚੇ, ਕਾਗਜ਼ ਪੈਂਸਿਲ ਇਕ ਸਲੀਕੇ ਨਾਲ ਪਏ ਸਨ। ਸਾਹਿਤ ਜਗਤ ਦੀਆਂ ਪ੍ਰਸਿਧ ਹਸਤੀਆਂ ਨੂੰ ਮਿਲਦਿਆਂ ਹਥ ਮਿਲਾਉਂਦਿਆਂ ਤੇ ਹਾਲ ਚਾਲ ਦਸਦਿਆਂ ਪੁਛਦਿਆਂ ਵਾਹਵਾ ਖੁਸ਼ੀ ਅਨੁਭਵ ਹੋ ਰਹੀ ਸੀ।



Sri Satguru Jagjit Singh Ji eLibrary NamdhariElibrary@gmail.com



ਮਾਸਟਰ ਨਿਹਾਲ ਸਿੰਘ ਜੀ

## ਉਦਘਾਟਨੀ ਸਮਾਰੋਹ

ਗੋਸ਼ਟੀ ਦੇ ਦੋ ਸਮਾਗਮ ਹੋਣੇ ਸਨ। ਇਸ ਤੋਂ ਇਲਾਵਾ ਉਦਘਾਟਨੀ ਸਮਾਰੋਹ ਅਤੇ ਅੰਤ ਤੇ ਸਮਾਪਤੀ ਸਮਾਰੋਹ ਸੀ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਭਾਰਤ ਦੇ ਉਪ ਰਾਸ਼ਟਰਪਤੀ ਡਾ: ਸ਼ੰਕਰ ਦਿਆਲ ਸ਼ਰਮਾ ਨੇ ਆਉਣਾ ਸੀ। ਮੰਚ ਸੰਚਾਲਕ ਸ: ਤਾਰਾ ਸਿੰਘ ਅਨਜਾਣ ਦੁਆਰਾ ਐਲਾਨੇ ਜਾਣ ਤੇ ਸ: ਹਰਵਿੰਦਰ ਸਿੰਘ ਹੰਸਪਾਲ, ਡਾ: ਜਸਵੰਤ ਸਿੰਘ ਨੇਕੀ, ਪੰਥ.ਰਤਨ ਮਾਸਟਰ ਨਿਹਾਲ ਸਿੰਘ ਜੀ ਨੇ ਫੁਲਾਂ ਦੀਆਂ ਮਾਲਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਿਸ਼ਾਲ ਤਸਵੀਰ ਨੂੰ ਅਰਪਿਤ ਕੀਤੀਆਂ । ਹੁਣ ਵਾਲੇ ਸਮਾਗਮ ਦੇ ਪ੍ਰਧਾਨ ਡਾ: ਜਸਵੰਤ ਸਿੰਘ ਨੇਕੀ ਸਨ ਅਤੇ ਉਹਨਾਂ ਦੇ ਨਾਲ ਸਟੇਜ ਤੇ ਸ: ਹੰਸਪਾਲ ਜੀ, ਮਾਸਟਰ ਨਿਹਾਲ ਸਿੰਘ ਜੀ; ਸ: ਤਾਰਾ ਸਿੰਘ ਅਨਜਾਣ ਅਤੇ ਸ: ਜਸਵਿੰਦਰ ਸਿੰਘ ਬੈਠੇ ਸਨ ।

## ਮਾਸਟਰ ਨਿਹਾਲ ਸਿੰਘ

ਗੋਸ਼ਟੀ ਦਾ ਉਦਘਾਟਨੀ ਸਮਾਰੋਹ ਮਾਸਟਰ ਨਿਹਾਲ ਸਿੰਘ ਜੀ ਦੀ ਤਕਰੀਰ ਨਾਲ ਹੋਇਆ । ਉਹਨਾਂ ਕਿਹਾ ਕਿ ਮਹਾਨ ਪਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰਾ ਜੀਵਨ ਗੁਰੂ ਨਾਨਕ ਮਿਸ਼ਨ ਨੂੰ ਪਰਚਾਰਨ ਵਿਚ ਲਾਇਆ । ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਇਤਿਹਾਸ ਦੇ ਲਗ-ਭਗ ਸਾਰਿਆਂ ਪਹਿਲੂਆਂ ਤੇ ਰੋਸ਼ਨੀ ਪਾਈ ਅਤੇ ਅੰਤ ਤੇ ਇਸ ਗੋਸ਼ਟੀ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ, "ਮੇਰਾ ਜੀਅ ਕਰਦਾ ਹੈ ਕਿ ਇਹਨਾਂ ਵਿਦਵਾਨਾਂ ਦੇ ਚਰਨ ਧੋ ਧੋ ਕੇ ਪੀਆਂ......"

ਸ਼ਤਾਬਦੀ ਕਮੇਟੀ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਨੂੰ ਪੇਸ਼ ਕਰਦਿਆਂ ਅਨਜਾਣ ਜੀ ਨੇ ਹੋਰਨਾਂ ਨਾਮਧਾਰੀ ਅਸੈਂਬਲੀ ਤੇ ਪਾਰਲੀਮੈਂਟ ਮੈਂਬਰਾਂ ਨੂੰ ਯਾਦ ਕੀਤਾ। ਇਹਨਾਂ ਵਿਚ ਮਹਾਰਾਜ ਨਿਹਾਲ ਸਿੰਘ, ਸ. ਆਤਮਾ ਸਿੰਘ, ਸ. ਤੇਜਾ ਸਿੰਘ ਤੇ ਸ. ਇੰਦਰ ਸਿੰਘ ਨਾਮਧਾਰੀ ਦਾ ਨਾਮ ਲਿਆ ਗਿਆ। ਹੰਸਪਾਲ ਜੀ ਨੂੰ ਉਹਨਾਂ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਚੁਣਿਆ ਗਿਆ ਸਾਂਝਾ ਬੰਦਾ ਕਿਹਾ।

## ਸ: ਹਰਵਿੰਦਰ ਸਿੰਘ ਹੰਸਪਾਲ

ਸ: ਹੰਸਪਾਲ ਨੇ ਸ਼ਤਾਬਦੀ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਉਦਘਾਟਨੀ ਭਾਸ਼ਨ ਵਿਚ ਕਮੇਟੀ ਦੇ ਪ੍ਰੋਗਰਾਮਾਂ ਤੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਸ਼ਤਾਬਦੀ ਦੇ ਸੰਬੰਧ ਵਿਚ ਧਾਰਮਕ ਕਾਰਜਕ੍ਰਮ ਦੀਵਾਨ, ਕੀਰਤਨ, ਪਾਠਾਂ ਤੋਂ ਇਲਾਵਾ ਦੇਸ਼ ਵਿਦੇਸ਼ ਵਿਚ ਕਾਨਫਰੰਸਾਂ ਕਰਨ ਦਾ ਵਿਚਾਰ ਹੈ। ਸਤਿਗੁਰੂ ਜੀ ਦੇ ਮਿਸ਼ਨ ਅਤੇ ਚਲਾਏ ਹੋਏ ਕੰਮਾਂ ਦਾ ਵਧ ਤੋਂ ਵਧ ਪਰਚਾਰ ਦਾ ਜਤਨ ਹੈ। ਇਹਨਾਂ ਚੋਂ ਇਕ ਅਹਿਮ ਪ੍ਰੋਗਰਾਮ ਅੱਜ ਵਾਲੀ ਵਿਚਾਰ ਗੋਸ਼ਟੀ ਵੀ ਹੈ ਪਰ ਇਹਦੇ ਵਾਸਤੇ ਅੱਜ ਵਿਚਾਰੇ ਜਾਣ ਵਾਲੇ ਪਰਚੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁ-ਪੱਖੀ ਸ਼ਖਸੀਅਤ ਦੇ ਕੁਝ ਪਹਿਲੂਆਂ ਬਾਰੇ ਹੀ ਹਨ। ਸਾਰੇ ਗੁਣ ਬਖਾਣ ਨਹੀਂ ਕੀਤੇ ਜਾ ਸਕਦੇ। ਉਹਨਾਂ ਕਿਹਾ ਕਿ ਮੈਂ ਜਿਹੋ ਜਿਹੇ ਬੰਦਿਆਂ ਨੂੰ ਮਿਲਦਾ ਹਾਂ ਉਥੇ ਆਜ਼ਾਦੀ ਤੋਂ ਬਾਅਦ ਦੀ ਪਨੀਰੀ ਵਿਚ ਇਹ ਹੀ ਪ੍ਰਭਾਵ ਹੈ ਸਿੱਖਾਂ ਦਾ ਆਜ਼ਾਦੀ ਸੰਘਰਸ਼ ਵਿਚ ਕੋਈ ਰੋਲ ਨਹੀਂ। ਇਹ ਕਸੂਰ ਉਹਨਾਂ ਦਾ ਹੈ ਜਿਨ੍ਹਾਂ ਸਿੱਖ ਸਮਾਜ ਨੂੰ ਕੰਪਾਰਟਮੈਂਟਸ (ਖਾਨਿਆਂ) ਵਿਚ ਵੰਡ ਛਡਿਆ ਹੈ। ਕਦੇ ਦੋ ਨਾਮਧਾਰੀ ਸ਼੍ਰੋਮਣੀ ਕਮੇਟੀ 'ਚ ਨਾਮਜ਼ਦ ਕੀਤੇ ਜਾਂਦੇ ਸਨ।...ਜੇ ਜ਼ਿਆਦਤੀ ਹੈ ਤਾਂ ਸਾਰੇ ਸਿੱਖ ਸਮਾਜ ਨਾਲ ਹੈ...ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰਕੇ ਜਿਹੜੀਆਂ ਤਰੇੜਾਂ, ਫਰਕ, ਕੰਪਾਰਟਮੈਂਟਸ ਹਨ ਉਹ ਘਟਾ ਸਕੀਏ ਇਹ ਬਹੁਤ ਵੱਡੀ ਪ੍ਰਾਪਤੀ ਹੋਵੇਗੀ। ਇਸ ਗੋਸ਼ਟੀ ਰਾਹੀਂ ਉਹ ਗੱਲ ਆਰੰਭ ਕਰ ਸਕੀਏ ਤਾਂ ਚੰਗੀ ਗੱਲ ਹੋਵੇਗੀ।

## ਡਾ: ਜਸਵੰਤ ਸਿੰਘ ਜੱਸ ਦਾ ਪਰਚਾ

ਗੋਸ਼ਟੀ ਦਾ ਪਹਿਲਾ ਪਰਚਾ "ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪਹਿਲਾਂ "੧੮੫੭-੧੯੦੬ ਈ: ਦਾ ਨਾਮਧਾਰੀ ਇਤਿਹਾਸ" ਡਾ: ਜਸਵੰਤ ਸਿੰਘ ਜੱਸ ਦਾ ਲਿਖਿਆ ਹੋਇਆ ਸੀ। ਯਾਤਾਯਾਤ ਦੇ ਵਿਘਨ ਕਰਕੇ ਡਾ: ਜੱਸ ਨਾ ਅਪੜ ਸਕੇ ਇਸ ਲਈ ਇਹ ਪਰਚਾ ਸ: ਜਸਵਿੰਦਰ ਸਿੰਘ ਨੇ ਪੜ੍ਹ ਕੇ ਸੁਣਾਇਆ। ਡਾ: ਜੱਸ ਇਸ ਮਜ਼ਮੂਨ ਦੇ ਅਧਿਕਾਰੀ ਵਿਦਵਾਨ ਹਨ। ਉਹਨਾਂ ਨੇ ਪੂਰਵ ਸਤਿਗੁਰੂ ਰਾਮ ਸਿੰਘ ਕਾਲ ਤੋਂ ਗੱਲ ਸ਼ੁਰੂ ਕਰ ਕੇ ਬਹੁਤ ਯੋਗਤਾ ਨਾਲ ਸਤਿਗੁਰੂ ਰਾਮ



Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਦੇ ਕਾਲ ਦੇ ਅਨੇਕਾਂ ਪੱਖਾਂ ਨੂੰ ਉਜਾਗਰ ਕਰਕੇ ਬਿਆਨਦਿਆਂ ਇਹਨਾਂ ਸ਼ਬਦਾਂ ਵਿਚ ਗੁਰੂ ਹਰੀ ਸਿੰਘ ਤਕ ਗੱਲ ਮੁਕਾਈ,

"ਸਚਮੁਚ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਇਆਂ ਨਾਮਧਾਰੀ ਪੰਥ ਨੂੰ ਕਠਨ ਸਮੇਂ ਅੰਦਰ ਸੁਯੋਗ ਅਗਵਾਈ ਦਿਤੀ ਅਤੇ ਚੜ੍ਹਦੀਆਂ ਕਲਾਂ ਵਿਚ ਰਖਿਆ।"

### ਦੇਵਿੰਦਰ ਸਿੰਘ ਗਿੱਲ ਦਾ ਪਰਚਾ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ) ਇਤਿਹਾਸਕ ਲੇਖਾਂ ਦੇ ਉਭਰਦੇ ਹੋਏ ਜੁਆਨ ਲੇਖਕ ਹਨ। ਵੱਖ ਵੱਖ ਅਖਬਾਰਾਂ ਰਸਾਲਿਆਂ ਵਿਚ ਇਹਨਾਂ ਦੇ ਲੇਖ ਛਪਦੇ ਰਹਿੰਦੇ ਹਨ। ਮਹੰਤ ਆਤਮਾ ਸਿੰਘ ਸਨਖਤ੍ਰਵੀ ਨਾਲ ਸੰਪਰਕ ਬਾਅਦ ਇਹ ਨਾਮਧਾਰੀ ਇਤਿਹਾਸ ਬਾਰੇ ਵੀ ਲਿਖ ਰਹੇ ਹਨ। ਇਹਨਾਂ ਨੇ ਪਰਚਾ ਪੜ੍ਹਿਆ ਜਿਸਦਾ ਸਿਰਲੇਖ ਸੀ, "ਸੁਤੰਤਰਤਾ ਸੰਗਰਾਮ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯੋਗਦਾਨ" ਇਸ ਪਰਚੇ ਵਿਚ ਉਹਨਾਂ ਕਿਹਾ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਉੱਘਾ ਤੇ ਅਨਿਖੜਵਾਂ ਰੋਲ ਰਿਹਾ ਹੈ। ਸੁਤੰਤਰਤਾ ਸੰਗਰਾਮ ਦਾ ਆਰੰਭ ਨਾਮਧਾਰੀਆਂ ਨੇ ਕੀਤਾ। ਸੰਨ ੧੯੫੭ ਤੋਂ ਚਲਕੇ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਬਾਅਦ ਗੁਰੂ ਹਰੀ ਸਿੰਘ ਕਾਲ ਦਾ ਜ਼ਿਕਰ ਕਰਕੇ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇਸ਼ ਆਜ਼ਾਦੀ ਤੱਕ ਪਰਚਾ ਆਉਂਦਾ ਹੈ। ਨਾਮਧਾਰੀਆਂ ਵਲੋਂ ਅਕਾਲੀ ਮੋਰਚਿਆਂ ਵਿਚ ਸ਼ਾਮਲ ਹੋਣਾ, ਅੰਗਰੇਜ਼ਾਂ ਵਲੋਂ ਨਾਮਧਾਰੀ ਤੇ ਅਕਾਲੀ ਵਰਗਾਂ ਦੇ ਮਿਲਣ ਤੇ ਚਿੰਤਾ, ਨਾਭੇ ਦਾ ਕੇਸ, ਬਾਅਦ ਕਾਂਗਰਸ ਪਾਰਟੀ ਨਾਲ ਮਿਲਕੇ ਜਦੋਜਹਿਦ ਦਾ ਜ਼ਿਕਰ ਕੀਤਾ ਗਿਆ। ਸੰਨ ੧੯੨੯ ਦਾ ਕਾਂਗਰਸ ਦਾ ਲਾਹੌਰ ਸੈਸ਼ਨ, ੧੯੩੯ ਦੀ ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ ਜਿਹੇ ਸਿਆਸੀ ਸਮਾਗਮ ਵੱਖ ਵੱਖ ਜਲਸਿਆਂ ਦਾ ਜ਼ਿਕਰ ਕਰਦਾ ਹੋਇਆ, ਸਤਿਜੁਗ ਅਖਬਾਰ ਦਾ ਚਾਲੂ ਕਰਨਾ ਅਤੇ ਭੈਣੀ ਸਾਹਿਬ ਨੂੰ ਦੇਸ਼ ਭਗਤਾਂ ਦੀ ਪਨਾਹਗਾਹ ਦੱਸਦਾ ਇਹ ਪਰਚਾ ਅੰਤ ਤੇ ਕਹਿੰਦਾ ਹੈ "ਨਾਮਧਾਰੀਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਲਿਖਾਰੀਆਂ ਤੇ ਇਤਿਹਾਸਕਾਰਾਂ ਨੇ ਭੁਲਾ ਦਿੱਤਾ ਹੈ। ਸੁਤੰਤਰਤਾ ਅੰਦੋਲਨ ਦੇ ਇਤਿਹਾਸ ਦੀਆਂ ਪੁਸਤਕਾਂ ਵਿਚ ਨਾਮਧਾਰੀਆਂ ਦੀਆਂ ਘਾਲਨਾਵਾਂ ਬਾਰੇ ਨਾ-ਮਾਤਰ ਹੀ ਜ਼ਿਕਰ ਆਉਂਦਾ ਹੈ।"

### ਨਾਸ਼ਤਾ

ਦੋਹਾਂ ਪਰਚਿਆਂ ਨੂੰ ਪੜ੍ਹਣ ਤੋਂ ਬਾਅਦ ਲੇਖਕ ਬਾਹਰ ਵਡੇ ਹਾਲ ਵਿਚ ਆਏ ਜਿਥੇ ਚਾਹ ਦੀ ਥਾਂ ਗਰਮ ਗਰਮ



ਸਤਿਗੁਰੂ ਜਗਜੀਤ ਸਿੰਘ ਜੀ

ਨਾਮਧਾਰੀ ਚਾਹਟਾ (ਚਾਹ ਪੱਤੀ ਤੋਂ ਬਗੈਰ ਗਰਮ ਜੜੀ ਬੂਟੀਆਂ ਦੁਆਰਾ ਤਿਆਰ ਕੀਤਾ) ਅਤੇ 'ਨਾਮਧਾਰੀ' ਬਿਸਕੁਟ ਨਮਕੀਨ ਹੀ ਆਦਿ ਛਕਾਏ ਗਏ। ਹੁਣ ਲੇਖਕ ਵਿਚਾਰ ਚਰਚਾ ਲਈ ਤਿਆਰ ਸਨ।

### ਬਹਿਸ

ਦੋਹਾਂ ਪਰਚਿਆਂ ਤੇ ਹੁਣ ਵਿਚਾਰ ਵਿਟਾਂਦਰਾ ਜਾਂ ਬਹਿਸ ਹੋਣੀ ਸੀ। ਡਾ: ਜੱਜ ਦੇ ਪਰਚੇ ਬਾਰੇ ਤਾਂ ਕੋਈ ਕਿੰਤੂ ਨਾ ਆਇਆ ਪਰ ਗਿੱਲ ਦੇ ਪਰਚੇ ਬਾਰੇ ਕੁਝ ਇਤਰਾਜ਼ ਆਏ।

### ਡਾ: ਗਿਆਨੀ ਭਜਨ ਸਿੰਘ

ਪ੍ਰਸਿੱਧ ਪੱਤਰਕਾਰ, ਲੇਖਕ ਤੇ ਅਧਿਆਪਕ ਡਾਕਟਰ ਗਿਆਨੀ ਭਜਨ ਸਿੰਘ ਦਾ ਇਤਰਾਜ਼ ਸੀ ਕਿ ਅਕਾਲੀ ਦਲ ਦੀ ਸਥਾਪਨਾ ੨੪ ਦਸੰਬਰ ੧੯੨੦ ਨੂੰ ਹੋਈ ਪਰ ਗਿੱਲ ਦੁਆਰਾ ੬ ਸਾਲ ਪਹਿਲਾਂ ਹੀ ੧੯੧੪ ਦੀ ਸੰਸਾਰ ਜੰਗ ਸਮੇਂ ਅਕਾਲੀਆਂ ਵਲੋਂ ਅੰਗਰੇਜ਼ਾਂ ਨੂੰ ਸਮਰਥਨ ਜਤਾਉਣਾ ਕਿੰਨਾ ਕੁ ਉਚਿਤ ਹੈ। ਇਸੇ ਤਰ੍ਹਾਂ ਹੀ ਰਕਾਬ ਗੰਜ ਦੇ ਮੋਰਚੇ ਬਾਰੇ ਵੀ ਅਕਾਲੀਆਂ ਦਾ ਜ਼ਿਕਰ ਕਿਥੋਂ ਤੱਕ ਜਾਇਜ਼ ਹੈ।

### ਡਾ: ਮਹੀਪ ਸਿੰਘ

ਡਾ: ਮਿਸਿਜ਼ ਐਸ.ਕੇ. ਜੌਲੀ ਦਾ ਕਥਨ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅੱਖਰ ਪੜ੍ਹਾਉਣ ਤੇ ਜ਼ੋਰ



Sri Satguru Jagjit Singh Ji eLibrary NamdhariElibrary@gmail.com

ਦਿਤਾ ਸੀ ਉਸ ਦਾ ਜ਼ਿਕਰ ਹੋਣਾ ਚਾਹੀਦਾ ਸੀ । 'ਰਾਜਨੀਤਕ ਤੌਰ ਤੇ ਚੇਤੰਨ ਸਾਹਿਤਕਾਰ' ਡਾ: ਮਹੀਪ ਸਿੰਘ ਦਾ ਵੀ ਇਤਰਾਜ਼ ਸੀ ਕਿ ਅਕਾਲੀਆਂ ਦਾ ਜ਼ਿਕਰ ਇਤਿਹਾਸਕ ਪਖੋਂ ਸਹੀ ਨਹੀਂ ਸੀ । ਖਾਲਸਾ ਦੀਵਾਨ ਤੇ ਸਿੰਘਾਂ ਸਭਾ ਤਾਂ ਉਦੋਂ ਸਨ ਪਰ ਅਕਾਲੀ ਦਲ ਨਹੀਂ । ਉਸ ਵੇਲੇ ਨੈਸ਼ਨਲ ਕਨਸੈਂਸਿਜ਼ ਬਣਿਆ ਕਿ ਅੰਗਰੇਜ਼ ਦੀ ਮਦਦ ਕੀਤੀ ਜਾਵੇ । ਇਹ ਠੀਕ ਹੈ ਕਿ ਨਾਮਧਾਰੀਆਂ ਨੇ ਅੰਗਰੇਜ਼ ਦੀ ਮੁਖਾਲਫਤ ਕੀਤੀ ਪਰ ਕਾਂਗਰਸ ਸਮੇਤ ਸਾਰੀਆਂ ਪਾਰਟੀਆਂ ਨੇ ਅੰਗਰੇਜ਼ ਦੀ ਹਮਾਇਤ ਕੀਤੀ ਸੀ । ਮਹਾਤਮਾ ਗਾਂਧੀ ਨੇ ਅਪੀਲ ਵੀ ਕੀਤੀ ਸੀ । ਇਸੇ ਵਾਸਤੇ ਜਦੋਂ ਜੰਗ ਬਾਅਦ ਰੌਲਟ ਐਕਟ ਜਿਹਾ ਕਾਲਾ ਕਾਨੂੰਨ ਬਣਿਆ ਤਾਂ ਲੋਕਾਂ ਵਿਚ ਵਿਦਰੋਹ ਹੋਇਆ ਕਿਉਂਕਿ ਲੋਕਾਂ ਨੂੰ ਆਸ ਸੀ ਕਿ ਜੰਗ ਵਿਚ ਮਦਦ ਬਦਲੇ ਕੁਝ ਚੰਗਾ ਮਆਵਜ਼ਾ ਮਿਲੇਗਾ—ਗਿੱਲ ਵਲੋਂ Sweeping statement (ਹੂੰਝਾ ਫੇਰੂ ਬਿਆਨ) ਯੋਗ ਨਹੀਂ ।

### ਡਾ: ਆਹਲੂਵਾਲੀਆ

ਡਾ: ਐਮ.ਐਸ. ਆਹਲੂਵਾਲੀਆ ਸਾਬਕਾ ਡਿਪਟੀ ਡਾਇਰੈਕਟਰ ਨੈਸ਼ਨਲ ਆਰਕਾਈਵਜ਼ ਨੇ ਕਿਹਾ ਕਿ ਇਤਿਹਾਸਕ ਖੋਜੀ ਹੋਣ ਦੇ ਨਾਤੇ ਕਹਿੰਦਾ ਹਾਂ ਕਿ ਬਬਰ ਅਕਾਲੀ ਪਾਰਟੀ ਅਤੇ ਅਕਾਲੀ ਪਾਰਟੀ ਦਾ confusion ਹੋ ਗਿਆ ਹੈ । ਅਕਾਲੀ ਪਾਰਟੀ ਦੀ ਹੋਂਦ ਤੋਂ ਪਹਿਲਾਂ ਅਕਾਲੀ ਜੱਥੇ ਕਹਾਉਂਦੇ ਸਨ । ਉਹਨਾਂ ਕਿਹਾ ਗਿੱਲ ਨੌਜਵਾਨ ਹੈ ਉਸ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਇਹ ਮੇਰਾ ਵਿਚਾਰ ਹੈ ਕਿ ਅਜੇ ਤੱਕ ਨਾਮਧਾਰੀ ਇਤਿਹਾਸ ਬਿਲਕੁਲ ਛੋਟੇ ਜਿਹੇ ਪਖੋਂ ਲਿਖਿਆ ਗਿਆ ਹੈ ।

ਜਸਵਿੰਦਰ ਸਿੰਘ ਨੇ ਵੀ ਇਤਰਾਜ਼ ਉਠਾਇਆ ਕਿ ਗਿੱਲ ਨੇ ਲਿਖਿਆ ਹੈ ਕਿ ਭੈਣੀ ਸਾਹਿਬ ਤੋਂ ਚੌਕੀ ੧੯੨੨ ਵਿਚ ਉਠਾਈ ਗਈ ਪਰ ਉਹ ੧੯੨੩ ਵਿਚ ਚੁੱਕੀ ਗਈ ਸੀ । ਅੰਗਰੇਜ਼ੀ ਦੀ ਜਿਸ ਚਿੱਠੀ ਦਾ ਹਵਾਲਾ ਲੇਖ ਵਿਚ ਦਿਤਾ ਗਿਆ ਹੈ ਉਹ ਜਿਸ ਸੰਦਰਭ ਵਿਚ ਦਿਤੀ ਗਈ ਹੈ ਉਹ ਮੂਰਤੀਮਾਨ ਨਹੀਂ ਹੁੰਦਾ । (ਇਹ ਚਿੱਠੀ ਨਾਭੇ ਦੀ ਬੀੜ ਦੀ ਜ਼ਮੀਨ ਬਾਰੇ ਨਾਮਧਾਰੀ ਵਿਰੋਧੀ ਐਕਸ਼ਨ ਰੋਕਣ ਲਈ ਸੀ ਤਾਂ ਕਿ ਨਾਮਧਾਰੀ ਅਕਾਲੀਆਂ ਦੀ ਮਦਦ ਨਾ ਕਰਨ) । ਜਸਵਿੰਦਰ ਸਿੰਘ ਅਨੁਸਾਰ ਉਦੋਂ ਜੈਤੋਂ ਦਾ ਮੋਰਚਾ ਨਹੀਂ ਸੀ ਲਗਾ । ਉਹਨਾਂ ਦਸੰਬਰ ਦੀ ਇਕ ਚਿੱਠੀ ਦਾ ਪਟਿਆਲਾ ਰਿਕਾਡਜ਼ ਚੋਂ ਹਵਾਲਾ ਦਿਤਾ ਜਿਸ ਵਿਚ ਲਿਖਿਆ ਸੀ ਕਿ ਕਾਰਵਾਈ ਕਰੀ ਚਲੋ । ਇਹ (ਨਾਮਧਾਰੀ) ਭਰੋਸੇ ਵਾਲੇ (ਅੰਗਰੇਜ਼ੀ ਪੱਖ ਤੋਂ) ਬੰਦੇ ਹੀ ਨਹੀਂ ।

ਦਲੀਪ ਸਿੰਘ ਨਾਮਧਾਰੀ ਨੇ ਕਿਹਾ ਕਿ ਰਕਾਬ ਗੰਜ ਦੇ ਮੋਰਚੇ ਵਿਚ ਗਿੱਲ ਨੇ ਅਕਾਲੀਆਂ ਦਾ ਨਾਮ ਨਹੀਂ ਵਰਤਿਆ ।

### ਸਪਸ਼ਟੀਕਰਨ

ਦੇਵਿੰਦਰ ਗਿੱਲ ਨੇ ਆਪਣੇ ਸਪੱਸ਼ਟੀਕਰਨ ਵਿਚ ਕਿਹਾ ਕਿ ੧੯੨੦ ਤੋਂ ਪਹਿਲਾਂ ਅਕਾਲੀ ਸ਼ਬਦ ਵਿਚ ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ ਸਾਰੇ ਆ ਜਾਂਦੇ ਹਨ।...

ਮਹੀਪ ਸਿੰਘ—ਅਕਾਲੀ ਸ਼ਬਦ ਤਾਂ ਬੜੇ ਇਨਕਲਾਬੀਆਂ ਵਾਸਤੇ ਵਰਤਿਆ ਜਾਂਦਾ ਸੀ ।

ਡਾਕਟਰ ਨੇਕੀ ਦੀ ਟਿੱਪਣੀ—ਚੀਫ ਖਾਲਸਾ ਦੀਵਾਨ ਨੂੰ ਪੁਛ ਲਵੋ ਕਿ ਉਹ ਅਕਾਲੀਆਂ ਨਾਲ ਰਲਣਾ ਚਾਹੁੰਣਗੇ ?

ਇਸ ਮੌਕੇ ਤੇ ਹੰਸਪਾਲ ਜੀ ਨੇ ਦਖਲ ਦੇ ਕੇ ਕਿਹਾ ਕਿ ਇਹਨਾਂ ਲੇਖਾਂ ਦੀ ਪੁਸਤਕ ਛਪਣੀ ਹੈ ਉਸ ਵਿਚ ਭੂਮਿਕਾ ਤੇ ਅੰਤਕਾ ਛਪਣੀ ਹੈ । ਉਸ ਵਿਚ ਆਏ ਇਤਰਾਜ਼ ਅਤੇ ਇਤਿਹਾਸ ਤਿੱਥਾਂ ਸੰਮਤਾਂ ਦੀਆਂ ਗਲਤੀਆਂ ਸਮੇਤ ਠੀਕ ਕਰਕੇ ਛਾਪਾਂਗੇ । ਅੰਗਰੇਜ਼ੀ ਦੀ ਚਿੱਠੀ ਤੋਂ ਅੰਗਰੇਜ਼ਾਂ ਦਾ ਤੌਖਲਾ ਸਪੱਸ਼ਟ ਹੁੰਦਾ ਹੈ ਕਿ ਨਾਮਧਾਰੀ ਸਿੱਖ ਤੇ ਦੂਸਰੇ ਸਿੱਖ (ਅਕਾਲੀ ਸ਼ਬਦ ਨਹੀਂ ਵਰਤਦੇ) ਇਕੱਠੇ ਨਾ ਹੋ ਜਾਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਗੁਰੂ ਨਾਨਕ ਨਾਮ ਲੇਵਾ ਇਕੱਠੇ ਕਰਨ ਦੇ ਜਤਨ ਕੀਤੇ । ਅੱਜ ਦੀ ਗੋਸ਼ਟੀ ਦਾ ਮੂਲ ਮੰਤਵ ਇਹ ਹੈ ਕਿ ਕਿੰਨਾ ਕੁ ਉਹ ਪਾੜਾ ਘਟ ਹੋ ਸਕੇ ਕਰੀਏ । ਉਹ ਹੀ ਸਫਲਤਾ ਹੋਵੇਗੀ।

### ਡਾਕਟਰ ਹਰਿਭਜਨ ਸਿੰਘ ਦਾ ਪਰਚਾ

ਪੰਜਾਬੀ ਸਾਹਿਤ ਆਲੋਚਨਾ ਚ ਨਵੇਂ ਮੀਲ ਪੱਥਰ ਗੱਡਣ ਵਾਲੇ, ਮੌਲਕ ਕਵੀ ਅਤੇ ਵਾਰਤਾਕਾਰ ਕਬੀਰ ਸਨਮਾਨ ਯਾਫਤਾ ਪਰੋਫੈਸਰ ਇਮੈਰਿਟਸ ਡਾਕਟਰ ਹਰਿਭਜਨ ਸਿੰਘ ਦਾ ਪਰਚਾ ਸੀ, "ਸਤਿਗੁਰੂ ਪ੍ਰਤਾਪ ਸਿੰਘ ਜੀ । ਪ੍ਰਭੂ ਭਗਤੀ ਤੇ ਦੇਸ਼ਭਗਤੀ ਦਾ ਸੁਮੇਲ" ।

ਪਰਚੇ ਤੋਂ ਪਹਿਲਾਂ ਉਹਨਾਂ ਭੂਮਿਕਾ ਵਜੋਂ ਕੁਝ ਸ਼ਬਦ ਕਹੇ, "ਮੇਰਾ ਇਹ ਪਰਚਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਸ਼ੁਧ ਸ਼ਰਧਾਂਜਲੀ ਹੈ ਅਤੇ ਇਸ ਨੂੰ ਏਸੇ ਦ੍ਰਿਸ਼ਟੀ ਤੋਂ ਲਿਆ ਜਾਵੇ"—ਡਾਕਟਰ ਸਾਹਿਬ ਨੇ ਕਿਹਾ ਕਿ ਉਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਨੇੜੇ ਢੁੱਕ ਕੇ ਗੱਲਾਂ ਕਰਨ ਦਾ ਅਵਸਰ ਤਾਂ ਨਹੀਂ ਮਿਲਿਆ ਪਰ ਛੋਟੇ ਹੁੰਦਿਆਂ ਉਹਨਾਂ ਲਾਹੌਰ ਵਿਚ ਨਾਮਧਾਰੀਆਂ ਦੇ ਜ਼ੋਰ ਸ਼ੋਰ ਵਾਲੇ ਦੀਵਾਨ ਦੇਖੇ ਸਨ । ਉਹਨਾਂ ਦੇ ਪਿੰਡ ਦੇ ਸੰਤ ਰਾਗਾ ਸਿੰਘ ਮਸਤਾਨਾ ਸਤਿਗੁਰਾਂ ਦੇ ਸਾਹਮਣੇ ਆਪ ਨੂੰ ਭੁਲਾ ਕੇ ਨੱਚਣ ਲਗ ਪੈਂਦਾ ਸੀ ਅਤੇ ਸੰਤ ਮੰਗਲ ਸਿੰਘ ਨਾਲ ਤਾਂ ਉਹਨਾਂ ਗਲਾਂਬਾਤਾਂ ਅਕਸਰ ਕੀਤੀਆਂ । ਬਚਪਨ ਵਿਚ ਉਹਨਾਂ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਪੜ੍ਹਿਆ ਸੀ ਜਿਸ ਵਿਚ ਨਾਮਧਾਰੀਆਂ


Sri Satguru Jagjit Singh Ji eLibrary NamdhariElibrary@gmail.com

ਬਾਰੇ ਵੀ ਵਖਰਾ ਅਧਿਆਇ ਹੈ। ਉਹਨਾਂ ਅਗੇ ਕਿਹਾ :

"ਨਾਮਧਾਰੀ ਵੀਰਾਂ ਨੂੰ ਜੋ ਜੋਤ ਪ੍ਰਾਪਤ ਹੋਈ ਉਹ ਜੋਤ ਤਾਂ ਗੁਰੂ ਨਾਨਕ ਦੇਵ ਜੀ ਦੀ ਹੈ ਲੇਕਿਨ ਜੋਤ ਨੂੰ ਮਨੋਵਾਸ ਕਰਨ ਵਾਸਤੇ ਜਾਂ ਉਸ ਨੂੰ ਵਿਹਾਰ ਵਿਚ ਲਿਆਉਣ ਵਾਸਤੇ ਸਾਨੂੰ ਆਪਣੀ ਜ਼ਿੰਦਗੀ ਵਿਚ ਕੋਈ ਮਾਡਲ ਚਾਹੀਦਾ ਹੈ। ਮੈਂ ਪੁਸਤਕਾਂ ਬਹੁਤ ਪੜ੍ਹੀਆਂ ਨੇ, ਨਰੋਲ ਪੁਸਤਕਾਂ ਤੋਂ ਜੋਤ ਨੂੰ ਮਨੋਵਾਸ ਕਰ ਸਕਣਾ ਖਾਸਾ ਕਠਿਨ ਹੈ ਅਤੇ ਉਸ ਤੋਂ ਵੀ ਕਠਿਨ ਹੈ ਇਸਨੂੰ ਵਰਤੋਂ ਵਿਹਾਰ ਵਿਚ ਲਿਆ ਸਕਣਾ। ਮੈਂ ਸਮਝਦਾ ਹਾਂ ਨਾਮਧਾਰੀ ਵੀਰਾਂ ਦੇ ਸਾਹਮਣੇ ਜੋਤ ਅਤੇ ਜੁਗਤ ਬਹੁਤ ਜੁੜਵੇਂ ਰੂਪ ਵਿਚ ਮਿਲਦੀ ਹੈ। ਜੋਤ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਜੁਗਤ, ਕਿਸ ਤਰ੍ਹਾਂ ਦਾ ਮਾਡਲ ਆਪਣੇ ਸਾਹਮਣੇ ਵੇਖ ਕੇ, ਕਿਸ ਤਰ੍ਹਾਂ ਦੀ ਕਰਨੀ ਆਪਣੇ ਜੀਵਨ ਵਿਚ ਵਸਾਈ ਜਾਵੇ ਇਹ ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਤੋਂ ਪ੍ਰਾਪਤ ਕੀਤੀ।...ਹੋ ਸਕਦਾ ਹੈ ਕਿ ਸਮਝਣ ਵਿਚ ਵਿਚ ਮੈਥੋਂ ਕੋਈ ਗਲਤੀ ਹੋਵੇ ਪਰ ਆਖਰਕਾਰ ਬੰਦਾ ਉਥੋਂ ਤਕ ਹੀ ਸਮਝ ਸਕਦੈ ਜਿਥੋਂ ਤੱਕ ਉਸਦਾ ਵਿਤ ਹੋਵੇ ਜਾਂ ਜਿਥੋਂ ਤੱਕ ਉਹ ਚਾਹੁੰਦੈ।...ਮੈਂ ਪਹਿਲਾ ਪੰਨਾ ਛੱਡ ਕੇ ਅਗੇ ਪੜ੍ਹਦਾ ਹਾਂ।..."

ਡਾ: ਹਰਿਭਜਨ ਸਿੰਘ ਜੀ ਦਾ ਪੂਰਾ ਪਰਚਾ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਡਾਕਟਰ ਸਾਹਿਬ ਦੇ ਪਰਚੇ ਨੂੰ ਬਹੁਤ ਧਿਆਨ ਅਤੇ ਸੁਆਦ ਨਾਲ ਸੁਣਿਆ ਗਿਆ ਬਾਅਦ ਵਿਚ ਇਸ ਤੇ ਦਿਲਚਸਪ ਸੰਵਾਦ ਹੋਇਆ ਉਸ ਦਾ ਜ਼ਿਕਰ ਬਾਅਦ ਵਿਚ ਕਰਾਂਗੇ।

## ਪ੍ਰੀਤਮ ਸਿੰਘ ਕਵੀ ਦਾ ਪਰਚਾ

ਮੰਚ ਸੰਚਾਲਕ ਅਨਜਾਣ ਸਾਹਿਬ ਨੇ ਕਵੀ ਜੀ ਨੂੰ ਪੇਸ਼ ਕਰਦਿਆਂ ਕਿਹਾ ਕਿ ਇਹਨਾਂ ਛੇ ਮਹੀਨਿਆਂ 'ਚ ਛੇ ਸੌ ਸਫੇ ਲਿਖੇ ਸਨ ਪਰ ਇਹ ੧੦ ਮਿੰਟਾਂ 'ਚ ਹੀ ਗੱਲ ਮੁਕਾਉਣ। ਕਵੀ ਜੀ ਦਾ ਪਰਚਾ "ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਪਸ਼ੂ ਧਨ" ਸਿਰਲੇਖ ਹੇਠ ਸੀ। ਕਵੀ ਜੀ ਦਾ ਲੇਖ ਕਾਫੀ ਵਿਸਤ੍ਰਿਤ ਅਤੇ ਮਿਹਨਤ ਨਾਲ ਲਿਖਿਆ ਸੀ। ਕਵੀ ਸਾਹਿਬ ਨੇ ਲਿਖਿਆ "੧੯੩੫-੩੬ ਦੇ ਸਾਲ ਸਨ ਜਦੋਂ ਤੋਂ ਸਤਿਗੁਰੂ ਜੀ ਦੀ ਸਥਾਪਤ ਸੁਵਿਵਸਥਤ ਪਸ਼ੂ ਸ਼ਾਲਾ ਦੀਆਂ ਦਫਤਰੀ ਕਾਰਵਾਈਆਂ ਮੇਰੇ ਸਪੁਰਦ ਹੋ ਗਈਆਂ। ਮੈਂ, ਜਦੋਂ ਆਪ ਜੀ ਸ੍ਰੀ ਭੈਣੀ ਸਾਹਿਬ ਦਰਸ਼ਨ ਦੇ ਰਹੇ ਹੁੰਦੇ, ਸਮੁਚੇ ਗਊ ਦੁੱਧ ਅਤੇ ਕੱਲੀ ਕੱਲੀ ਗਊ ਦੀ ਪ੍ਰਾਪਤੀ ਦੇ ਵੇਰਵੇ ਦੇਣ ਹਿਤ ਸ੍ਰੀ ਚਰਨਾਂ ਵਿਚ ਹਾਜ਼ਰ ਹੁੰਦਾ।" ਅੱਜ ਦਾ ਲੇਖ ਵੀ ਵੇਰਵਿਆਂ ਭਰਪੂਰ ਸੀ। ਘੋੜਿਆਂ, ਗਊਆਂ ਦਾ ਖਾਨਦਾਨ, ਨਾਂ ਥਾਂ, ਮਾਤਾ ਪਿਤਾ, ਨਾਨਕੇ ਦਾਦਕੇ, ਖਰੀਦ ਮੁੱਲ, ਵਿਕਰੀ ਮੁੱਲ, ਦੁੱਧ ਉਤਪਾਦਨ ਜਿੱਤੇ



ਡਾ: ਜਸਵੰਤ ਸਿੰਘ ਨੇਕੀ ਪ੍ਰਧਾਨ ਪਹਿਲਾ ਸਮਾਗਮ

ਮੁਕਾਬਲਿਆਂ ਦਾ ਵੇਰਵਾ, ਇਨਾਮਾਂ ਦਾ ਵੇਰਵਾ। ਘੋੜਸ਼ਾਲਾ ਦੇ ਸੇਵਾਦਾਰ ਦਰੋਗਾ ਦੁਮਣ ਸਿੰਘ, ਸ: ਭਗਤ ਸਿੰਘ, ਸ: ਕਰਮ ਸਿੰਘ, ਮੁਨੀਮ ਸੰਤ ਸ਼ੇਰ ਸਿੰਘ ਅਤੇ ਹੋਰ ਬਹੁਤ ਸਾਰਿਆਂ ਨੂੰ ਵੀ ਯਾਦ ਕੀਤਾ ਹੈ। ਵੱਖ ਵੱਖ ਗਊਆਂ ਦੇ ਵੱਖ ਵੱਖ ਸੂਇਆਂ ਵਿਚ ਦਿਤੀ ਔਲਾਦ,ਦੁੱਧ ਅਤੇ ਹੋਰ ਇਤਿਹਾਸ ਦਰਜ ਕੀਤਾ ਹੈ।

## ਬਹਿਸ

ਪ੍ਰੀਤਮ ਸਿੰਘ ਕਵੀ ਜੀ ਦੇ ਪਰਚੇ ਤੇ ਤਾਂ ਕੋਈ ਪ੍ਰਸ਼ਨ ਨਾ ਉਠਿਆ ਪਰ ਡਾਕਟਰ ਹਰਿਭਜਨ ਸਿੰਘ ਦੇ ਪਰਤੇ ਉਤੇ ਵਾਹਵਾ ਦਿਲਚਸਪ ਪ੍ਰਸ਼ਨੋਤਰ ਹੋਇਆ।

## ਪ੍ਰੋ: ਸੁਖਬੀਰ ਸਿੰਘ ਗੁਲਾਟੀ

ਪ੍ਰੋ: ਸੁਖਬੀਰ ਸਿੰਘ ਗੁਲਾਟੀ ਨੇ ਪਰਚੇ ਦੀਆਂ ਸਿਫਤਾਂ ਕਰਦਿਆਂ ਕਿਹਾ ਕਿ ਡਾਕਟਰ ਸਾਹਿਬ ਨਖੇੜੇ ਪੈਦਾ ਕਰਨ ਵਾਲੀ ਪ੍ਰਤਿਭਾ ਦੇ ਖਾਸ ਧਨੀ ਨੇ, ਸਾਹਿਤ ਅਲੋਚਨਾ 'ਚ ਉਹਨਾਂ ਨੇ ਨਖੇੜੇ ਪੈਦਾ ਕੀਤੇ ਨੇ। ਉਹਨਾਂ ਨੇ ਧਾਰਮਿਕ, ਸਮਾਜਕ ਤੇ ਰਾਜਨੀਤਕ ਮੁਲਾਂ ਦਾ ਵਧੀਆ ਵਿਸ਼ਲੇਸ਼ਣ ਕੀਤੈ ਪਰ ਇਕ ਗੱਲ ਵਚਿਤਰ ਲਗੀ ਹੈ ਕਿ ਡਾਕਟਰ ਸਾਹਿਬ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਧਾਰਮਿਕਤਾ ਨੂੰ, ਗੁਰਬਾਣੀ ਪਿਆਰ ਤੇ ਧਾਰਮਿਕ ਮੁਲਾਂ ਨੂੰ ਵੈਦਕ ਕਾਲ ਦੀ ਪਰੰਪਰਾ ਨਾਲ ਜੋੜਿਐ ਜਦੋਂ ਕਿ ਉਹ ਸੁਭਾਵਕ ਅਤੇ ਸੱਚੇ ਸੁੱਚੇ ਤੌਰ


Sri Satguru Jagjit Singh Ji eLibrary NamdhariElibrary@gmail.com



ਡਾ: ਹਰਭਜਨ ਸਿੰਘ

ਤੇ ਸਿੱਖ ਗੁਰੂਆਂ ਦੀ ਪਰੰਪਰਾ ਨਾਲ ਜੁੜਦੇ ਨੇ ! ਇਥੇ ਉਹਨਾਂ ਉਚੇਚਾ ਸੰਕੋਚ ਕਿਉਂ ਕੀਤਾ ਹੈ ।

**ਡਾ: ਸਤਿੰਦਰ ਸਿੰਘ ਨੂਰ**

ਡਾ: ਸਤਿੰਦਰ ਸਿੰਘ ਨੂਰ ਪੰਜਾਬੀ ਜਗਤ ਦੇ ਸਥਾਪਿਤ ਆਲੋਚਕ ਹਨ । ਆਪ ਦਿੱਲੀ ਯੂਨੀਵਰਸਟੀ ਵਿਚ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਭਾਗ ਵਿਚ ਪ੍ਰੋਫੈਸਰ ਹਨ । ਉਹਨਾਂ ਪ੍ਰੋ: ਗੁਲਾਟੀ ਦੇ ਪ੍ਰਸ਼ਨ ਨੂੰ ਅਗੇ ਤੋਰਦਿਆਂ ਕਿਹਾ ਕਿ ਇਹ ਬਹੁਤ ਖਤਰਨਾਕ ਪਰਚਾ ਹੈ । ਉਹਨਾਂ ਦਸਿਆ ਕਿ ਡਾਕਟਰ ਸਾਹਿਬ ਦੇ ਨਾਮ ਨਾਲ ਸੰਰਚਨਾਵਾਂਦੀ ਜਾਂ ਇਹੋ ਜਿਹੇ ਹੋਰ ਵਿਸ਼ੇਸ਼ਣ ਲਾਏ ਜਾਂਦੇ ਹਨ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ । ਉਹ Methodologist (ਮੈਥੋਡਾਲੋਜਿਸਟ—ਵਿਧੀ ਸ਼ਾਸਤਰੀ) ਨਹੀਂ ਹਨ । ਪਰ ਇਸ ਪਰਚੇ ਵਿਚ ਉਹਨਾਂ ਸਾਰੀ ਕਾਰਜ ਪ੍ਰਣਾਲੀ (Methodology)ਘਟਾਉਣਵਾਲੀ(reductionist) ਅਪਣਾਈ ਹੈ । ਕੇ.ਐਮ. ਮੁਨਸ਼ੀ ਜਾਂ ਵੈਦਿਕ ਵਿਦਵਾਨਾਂ ਬਾਰੇ ਅਤੇ ਹਿੰਦੁਸਤਾਨ ਦੇ ਬਹੁਤੇ ਵਿਦਵਾਨਾਂ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਭਾਵੇਂ ਇਸਲਾਮ ਦੀ ਗੱਲ ਕਰਨ, ਭਾਵੇਂ ਸਿੱਖੀ ਦੀ ਜਾਂ ਹੋਰ ਧਰਮਾਂ ਦੀ ਉਹਨਾਂ ਦੀ ਕਾਰਜ ਵਿਧੀ methodology ਸਾਰੀ ਘਟਾਉਣ ਵਾਲੀ (reductionist) ਹੈ । ਉਹ ਘਟਾ ਕੇ ਵੇਖਣਗੇ । ਉਥੇ ਹੀ ਰਾਮ ਨੂੰ ਉਥੇ ਹੀ ਗੁਰੂ ਨਾਨਕ ਨੂੰ ਅਤੇ ਗੁਰੂ ਗੋਬਿੰਦ ਸਿੰਘ ਨੂੰ । ਡਾਕਟਰ ਸਾਹਿਬ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਾਪਤੀ ਨੂੰ ਇਕ ਦ੍ਰਿਸ਼ਟੀ ਨਾਲ ਵੇਖਣ ਲਈ ਮਾਡਲ ਬਣਾਇਆ । ਉਹ ਮਾਡਲ ਉਸੇ ਤਰ੍ਹਾਂ ਵੈਦਿਕ ਵਿਦਵਾਨਾਂ ਵਾਂਗ ਹੀ ਬਣ ਗਿਆ । ਡਾਕਟਰ ਸਾਹਿਬ ਕਿਉਂਕਿ ਆਪ ਇਸ ਵਿਧੀ ਦੇ ਉਲਟ ਹਨ ਤਾਂ ਇਹ ਵਿਧੀ ਕਿਥੋਂ ਤਕ ਜਾਇਜ਼ ਹੈ ।

ਦੂਜੀ ਗੱਲ ਉਹਨਾਂ ਨੇ ਇਹ ਕਹੀ ਕਿ ਨਾਮਧਾਰੀ ਸਿੱਖਾਂ ਨੇ ਜੋਤ ਤਾਂ ਗੁਰੂ ਨਾਨਕ ਤੋਂ ਲਈ ਹੈ ਪਰ ਜਿਹੜੀ ਜੁਗਤ ਹੈ ਉਹ ਵੈਦਿਕ ਫਲਾਸਫੀ ਜਾਂ ਵਿਧੀ ਜਾਂ ਆਧਾਰ ਨੇ, ਉਹਨਾਂ ਤੋਂ ਲਈ ਹੈ । ਇਹ ਜਿਹੜੀ Dichotomy (ਦੁਵਰਗੀਕਰਣ-ਦੁਭਾਜਨ) ਇਸ ਮਾਡਲ ਵਿਚ ਬਨਾਉਣੀ ਕਿਥੋਂ ਤਕ ਯੋਗ ਹੈ । ਕੀ Dichotomy ਬਣਾ ਕੇ ਅਸੀਂ ਉਹ ਨਤੀਜੇ ਕੱਢ ਸਕਦੇ ਹਾਂ ਜੋ ਉਹਨਾਂ ਕਢੇ ਹਨ ? ਜੁਗਤ ਹੋਰ ਥਾਓਂ ਲੈ ਕੇ ਸੰਜੋਗ ਦਾ ਮਾਡਲ ਬਣਾ ਸਕਦੇ ਹਾਂ ?

**ਡਾ: ਮਹੀਪ ਸਿੰਘ** ਦਾ ਪ੍ਰਸ਼ਨ ਸੀ ਕਿ ਕਾਂਗਰਸ ਨੇ ਧਰਮ ਦੀ ਵਰਤੋਂ (ਤੇ ਕੁਵਰਤੋਂ ਵੀ) ਕੀਤੀ । ਬਾਲ ਗੰਗਾਧਰ ਤਿਲਕ ਨੇ ਚੋਣਾਂ ਵਿਚ ਗਣੇਸ਼ ਪੂਜਾ ਕੀਤੀ । ਲਾਲਾ ਲਾਜਪਤ ਰਾਏ ਦੀ ਧਾਰਮਿਕਤਾ ਅਤੇ ਮਹਾਤਮਾ ਗਾਂਧੀ ਵਲੋਂ ਰਘੁਪਤੀ ਰਾਘਵ ਰਾਜਾ ਰਾਮ ਦਾ ਗਾਉਣਾ ਇਹ ਉਦਾਹਰਣ ਹਨ ਫੇਰ ਡਾਕਟਰ ਸਾਹਿਬ ਨੇ ਕਿਉਂ ਕਿਹਾ ਕਿ ਕਾਂਗਰਸ ਵਿਚ ਧਾਰਮਿਕਤਾ ਨੂੰ ਥਾਂ ਨਹੀਂ ।

ਡਾ: ਗਿਆਨੀ ਭਜਨ ਸਿੰਘ ਨੂੰ ਇਸ ਕਥਨ ਤੇ ਕਿੰਤੂ ਪ੍ਰਗਟ ਕੀਤਾ ਕਿ ਧਰਮ ਨਿਰਪੱਖ ਦੇਸ਼ ਭਗਤ ਵੀ ਉਹਨਾਂ (ਨਾਮਧਾਰੀਆਂ) ਕਦੇ ਨਹੀਂ ਹੋਣਾ ਚਾਹਿਆ ।...

**ਸਪਸ਼ਟੀਕਰਨ**

ਡਾ: ਹਰਿਭਜਨ ਸਿੰਘ ਜੀ ਨੇ ਦਿਲਚਸਪ ਬਹਿਸ ਦਾ ਜੁਆਬ ਦਿੰਦਿਆਂ ਵੱਖ ਵੱਖ ਨੁਕਤਿਆਂ ਦਾ ਸਪਸ਼ਟੀਕਰਨ ਦਿਤਾ । ਪ੍ਰੋ: ਗੁਲਾਟੀ ਦੇ ਪ੍ਰਸ਼ਨ ਦੇ ਸੰਦਰਭ ਵਿਚ ਉਹਨਾਂ ਕਿਹਾ ਕਿ, "ਸ਼ੁਰੂ ਵਿਚ ਹੀ ਮੈਂ ਇਸ ਮੂਵਮੈਂਟ ਨੂੰ ਸਿਖ ਮੂਵਮੈਂਟ ਨਾਲ ਜੋੜ ਦਿਤਾ ਸੀ। ਮੈਂ ਸ਼ੁਰੂ 'ਚ ਕਹਿ ਦਿਤਾ ਸੀ ਕਿ ਇਹ ਉਸੇ ਜੋਤ ਨੂੰ ਲੈ ਕੇ ਚਲਦੀ ਏ ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ ਉਸ ਤੋਂ ਬਾਅਦ ਕਿਹਾ ਕਿ ਸਤਿਗੁਰੂ ਰਾਮ ਸਿੰਘ ਤੋਂ ਜੋਤ ਚਲਦੀ ਏ ਤਾਂ ਜੋਤ ਨੂੰ ਨਕਾਰਿਆ ਨਹੀਂ ਸੀ । ਜੋਤ ਤੋਂ ਮੇਰਾ ਮਤਲਬ ਸਿਧਾਂਤ ਹੈ, ਜੁਗਤ ਤੋਂ ਭਾਵ ਵਿਹਾਰ ਹੈ । ਮੇਰਾ ਮਤਲਬ ਏਨੀ ਗਲ ਨਾਲ ਇਹ ਹੀ ਹੈ ਕਿ ਇਹ ਸਿਖੀ ਪਰੰਪਰਾ ਨਾਲ ਹੈ ।

ਜਿਥੋਂ ਤਕ ਮਾਡਲ ਦੀ ਗਲ ਹੈ, ਕੁਝ ਸ਼ਾਇਦ ਮੇਰੇ ਲਫ਼ਜ਼ਾਂ ਵਿਚ ਨੁਕਸ ਹੋਵੇਗਾ, ਜਿਸ ਤਰ੍ਹਾਂ ਮੇਰੇ ਵੀਰ ਨੂਰ ਨੇ ਸਮਝਿਆ ਹੈ ਕਿ ਜੋਤ ਨੂੰ ਗੁਰੂ ਨਾਨਕ ਨਾਲ ਜੋੜਿਐ ਤੇ ਜੁਗਤ ਨੂੰ ਵੈਦਕ ਧਰਮ ਨਾਲ ਸਬੰਧਤ ਕੀਤੈ । ਮੇਰੇ ਬੋਲਣ


Sri Satguru Jagjit Singh Ji eLibrary NamdhariElibrary@gmail.com

ਵਿਚ ਵੀ ਗਲਤੀ ਹੋ ਸਕਦੀ ਹੈ ਪਰ ਕਈ ਵਾਰ ਬੰਦਾ ਸੁਣਦਾ ਉਹ ਹੈ ਜੋ ਉਹ ਸੁਣਨਾ ਚਾਹੁੰਦੈ । ਮੈਂ ਜੋਤ ਨੂੰ ਗੁਰੂ ਨਾਨਕ ਨਾਲ ਸਬੰਧਤ ਕੀਤਾ ਸੀ ਅਤੇ ਜੁਗਤ ਨੂੰ ਸਤਿਗੁਰੂ ਰਾਮ ਸਿੰਘ ਨਾਲ। ਸਿਧਾਂਤ ਅਤੇ ਵਿਹਾਰ ਹੀ ਇਹ ਸਮਸਿਆ ਹੈ ਕਿ ਗ੍ਰੰਥਾਂ ਤੋਂ ਸਿਧਾਂਤ ਤਾਂ ਪ੍ਰਾਪਤ ਕੀਤਾ ਜਾ ਸਕਦੈ ਪਰ ਉਹਨੂੰ ਮਨੋ-ਵ੍ਯਾਸ ਕਰਨ ਵਾਸਤੇ, ਉਹ ਸ਼ਬਦ ਮੈਂ ਵਰਤੇ ਸਨ, ਜਾਂ ਉਹਨੂੰ ਵਰਤੋਂ ਵਿਚ ਲਿਆਉਣ ਵਾਸਤੇ ਕਈ ਵਾਰ ਸਾਨੂੰ ਕਿਸੇ ਆਦਰਸ਼ ਦੀ ਲੋੜ ਹੁੰਦੀ ਹੈ ।

ਮੈਂ ਜੋ ਬੋਲਦਾ ਪਿਆ ਹਾਂ ਇਹ ਕਿਥੋਂ ਪੜ੍ਹਿਆ ਹੈ ਇਹ ਇਕ ਗਲ ਹੈ ਪਰ ਮੇਰੇ ਬੋਲਣ ਦਾ ਜੋ ਅੰਦਾਜ਼ ਹੈ, ਜੋ ਪੇਸ਼ਕਾਰੀ ਹੈ ਉਹ ਮੈਂ ਕਿਥੋਂ ਕਿਥੋਂ ਸਿਖੀ ਹੈ, ਕਿਹੜੇ ਕਿਹੜੇ ਬੰਦੇ ਨੂੰ ਮੈਂ ਬੋਲਦੇ ਦੇਖਿਆ ਹੈ ਉਹ ਆਪਣੀ ਗਲ ਨੂੰ ਕਿਵੇਂ ਸੰਚਾਰਦੇ ਹਨ ਇਹ ਮੈਂ ਪੁਸਤਕ ਤੋਂ ਨਹੀਂ ਸਿਖਿਆ, ਮੇਰੇ ਜੀਵਨ 'ਚ ਜੋ ਵਿਦਵਾਨ ਆਏ ਨੇ ਉਹਨਾਂ ਤੋਂ ਸਿਖਿਆ ਹੈ ।......

ਇਹ ਮੇਰਾ ਕੋਈ ਮਾਡਲ ਨਹੀਂ, ਮੈਨੂੰ ਕਈ ਵਾਰ ਜੋਤ ਪ੍ਰਾਪਤ ਹੋ ਜਾਂਦੀ ਐ ਪਰ ਉਸਨੂੰ ਅਪਣੀ ਜ਼ਿੰਦਗੀ ਵਿਚ ਢਾਲਣ ਦੀ ਜੁਗਤੀ ਪ੍ਰਾਪਤ ਨਹੀਂ ਹੁੰਦੀ ।

ਹੁਣ ਕਾਂਗਰਸ ਦੀ ਧਾਰਮਿਕਤਾ ਬਾਰੇ : ਕੋਈ ਬੰਦਾ ਦੇਸ਼ ਭਗਤ ਏ ਕੋਈ ਪ੍ਰਭੂ ਭਗਤ। ਉਹਨਾਂ ਵਿਚੋਂ ਉਹ ਪਹਿਲ ਕਿਸ ਨੂੰ ਦਿੰਦਾ ਹੈ । ਕੁਝ ਬੰਦਿਆਂ ਨੇ ਧਰਮ ਨੂੰ ਦੇਸ਼ ਭਗਤੀ ਵਾਸਤੇ ਵਰਤਨਾ ਚਾਹਿਆ, ਜਿਵੇਂ ਗਾਂਧੀ ਜੀ ਨੇ। ਇਸ ਤਰ੍ਹਾਂ ਦਾ ਮਕਸਦ ਸਤਿਗੁਰੂ ਪ੍ਰਤਾਪ ਸਿੰਘ ਨੇ ਸਿਧ ਨਹੀਂ ਕਰਨਾ ਚਾਹਿਆ । ਉਹਨਾਂ ਦੀ ਪ੍ਰਭੂ ਅਤੇ ਦੇਸ਼ ਭਗਤੀ ਵਿਚ ਜਿਸ ਤਰ੍ਹਾਂ ਦਾ ਸੁਮੇਲ ਹੈ ਉਹਨਾਂ ਵਿਚ ਇਕ ਸਾਧਨ ਅਤੇ ਦੂਸਰਾ ਸਾਧਿਆ ਨਹੀਂ । ਜਿਸ ਤਰ੍ਹਾਂ ਦਾ ਧਰਮ ਦਾ ਸਰੂਪ ਉਹ ਆਪ ਸਨ ਉਸ ਤਰ੍ਹਾਂ ਦਾ ਕਾਂਗਰਸ ਦਾ ਕੋਈ ਲੀਡਰ ਨਹੀਂ ਸੀ । ਵਾਕ ਬਾਰੇ ਜੋ ਕਿਹਾ ਹੈ ਉਸ ਬਾਰੇ ਮੈਂ ਸੁਧਾਈ ਕਰਾਂਗਾ ।

ਹੰਸਪਾਲ ਜੀ ਨੇ ਇਹ ਕਹਿੰਦਿਆਂ ਕਿ ਮੈਂ ਬੁਧੀ-ਜੀਵਾਂ ਦੇ ਭੇੜ ਵਿਚ ਫਸਣਾ ਨਹੀਂ ਚਾਹੁੰਦਾ, ਟਿਪਣੀ ਕੀਤੀ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਉਥੋਂ 'ਜੁਗਤ' ਮੰਗਾਈ ਸੀ ।

''ਦੂਜੀ ਗਲ ਮੈਂ 'ਬਾਈ ਐਕਸੀਡੈਂਟ' ਕਾਂਗਰਸੀ ਹਾਂ । ਪਰ ਮੈਂ 'ਬਾਈ ਕਨਵਿਕਸ਼ਨ' ਵੀ ਕਾਂਗਰਸੀ ਹਾਂ ਕਿਉਂਕਿ ਕਾਂਗਰਸ ਨੇ ਸਤਿਗੁਰੂ ਰਾਮ ਸਿੰਘ ਦੇ ਮਾਰਗ ਨੂੰ ਹੀ ਅਪਨਾ-ਇਆ ਸੀ । ਕਾਂਗਰਸ ਪਾਰਟੀ ਧਰਮ ਨਿਰਪੱਖ ਹੈ ਪਰ ਹਰ ਕਾਂਗਰਸੀ ਦਾ ਅਪਣਾ ਧਰਮ ਹੈ ਜੇ ਇਹ ਦੋ ਗਲਾਂ ਨਾ ਹੋਣ ਤਾਂ ਸਾਰੇ ਕਮਿਊਨਿਸਟ ਹੋ ਜਾਣ ।''



ਡਾ: ਸਤਿੰਦਰ ਸਿੰਘ ਨੂਰ

## ਡਾਕਟਰ ਨੇਕੀ ਦਾ ਪ੍ਰਧਾਨਗੀ ਭਾਸ਼ਨ

ਡਾ: ਜਸਵੰਤ ਸਿੰਘ ਨੇਕੀ; ਮਨੋਵਿਗਿਆਨਕ, ਲੇਖਕ ਸਾਹਿਤ ਅਕਾਡਮੀ ਐਵਾਰਡ ਵਿਜੇਤਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਮੇਰੇ ਵੀਰ ਤਾਰਾ ਸਿੰਘ ਕੋਮਲ ਨੇ ਜਦੋਂ ਮੈਨੂੰ ਪ੍ਰਧਾਨਗੀ ਲਈ ਕਿਹਾ ਤਾਂ ਮੈਂ ਤੁਰੰਤ ਮੰਨ ਗਿਆ। ਜਦੋਂ ਤਾਰਾ ਸਿੰਘ ਕਾਮਲ ਨੂੰ 'ਕੋਮਲ' ਕਿਹਾ ਗਿਆ ਤਾਂ ਸਰੋਤਿਆਂ 'ਚ ਸਰਸਰਾਹਟ ਹੋਈ । ਡਾ: ਨੇਕੀ ਨੇ ਝੱਟ ਕਿਹਾ ਕਿ ਉਹ ਮੈਨੂੰ ਕੋਮਲ ਲਗੇ ਸਨ ਤੇ ਇਸ ਤਰ੍ਹਾਂ ਖੁਲ੍ਹੇ ਹਾਸੇ ਵਿਚ ਗਲ ਬਦਲ ਗਈ ਤੇ ਮਾਹੌਲ ਵਿਸਮ ਗਿਆ । ਡਾ: ਨੇਕੀ ਨੇ ਕਿਹਾ ਕਿ ਜਦੋਂ ਮੈਂ ਪ੍ਰਧਾਨਗੀ ਲਈ ਮੰਨ ਗਿਆ ਤਾਂ ਮੇਰੇ ਕੋਲ ਇਕ ਸਜਣ ਬੈਠੇ ਸਨ । ਉਹਨਾਂ ਕਿਹਾ ਤੁਸੀਂ ਨਾਮਧਾਰੀਆਂ ਦੇ ਸੈਸ਼ਨ ਦੀ ਪ੍ਰਧਾਨਗੀ ਕਰਨੀ ਹੈ ? ''ਮੈਂ ਕਿਹਾ ਨਾਮਧਾਰੀ ਮੇਰੇ ਗੁਰਭਾਈ ਨੇ, ਮੈਂ ਉਹਨਾਂ ਦਾ ਗੁਰਭਾਈ ਹੋਣ ਜੋਗਾ ਹਾਂ ਕਿ ਨਹੀਂ ਇਹ ਮੈਨੂੰ ਨਹੀਂ ਪਤਾ ਪਰ ਉਹ ਮੇਰੇ ਗੁਰਭਾਈ ਨੇ । ਜਿਹੜੀ ਗਲ ਇਥੇ ਕੰਪਾਰਟ-ਮੈਂਟਸ (ਵਖ ਵਖ ਖਾਨੇ) ਦੀ ਗਲ ਕੀਤੀ ਗਈ ਹੈ ਮੇਰੇ ਕੋਲੋਂ ਕੋਈ ਯੋਗਦਾਨ ਉਹਨਾਂ ਵਿਚ ਪੁਲ ਬਨਾਉਣ ਦਾ ਪੈ ਸਕੇ ਤਾਂ ਮੈਂ ਜ਼ਰੂਰ ਜਾਵਾਂਗਾ ।''

ਅਗੇ ਡਾ: ਨੇਕੀ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਸੰਕਲਪਾਂ ਦਾ ਭੁਲੇਖਾ ਪੈ ਜਾਵੇ ਤਾਂ ਉਹਨਾਂ ਦਾ ਨਖੇੜਾ ਨਹੀਂ ਹੁੰਦਾ । ਇਹਨਾਂ 'ਚੋਂ ਇਕ ਦੇਸ਼ ਭਗਤੀ ਦਾ ਸੰਕਲਪ ਹੈ । ਉਹਨਾਂ ਕਿਹਾ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚੋਂ ਉਹਨਾਂ



Sri Satguru Jagjit Singh Ji eLibrary NamdhariElibrary@gmail.com



ਸ਼ਤਾਬਦੀ ਕਮੇਟੀ ਚੇਅਰਮੈਨ ਸ: ਹਰਵਿੰਦਰ ਸਿੰਘ ਹੰਸਪਾਲ ਨਾਲ ਸ: ਜਸਵਿੰਦਰ ਸਿੰਘ ਰੀਸਰਚ ਸਕਾਲਰ ਤੇ ਸ: ਜਗਦੀਸ਼ ਸਿੰਘ ਵਰਿਆਮ

ਨੂੰ ਦੇਸ਼ ਭਗਤੀ ਦੀ ਗਲ ਨਹੀਂ ਲਭੀ । ......ਦੇਸ਼ ਦੀਆਂ ਹੱਦਾਂ ਰੋਜ਼ ਬਦਲਦੀਆਂ ਹਨ । ਪਾਕਿਸਤਾਨ ਬੰਗਲਾ ਦੇਸ਼ ਦੇ ਸਿਖ ਕਿਹੜੇ ਦੇਸ਼ ਦੀ ਗਲ ਕਰਨਗੇ । ਸਾਨੂੰ ਮਹਾਰਾਜ ਨੇ ਚਲਾਇਮਾਨ ਦੇਸ਼ ਦੇ ਲੜ ਨਹੀਂ ਲਾਇਆ ਸਗੋਂ ਸੁਤੰਤਰਤਾ ਦੇ ਗਲ ਲਾਇਆ । ਗੁਰੂ ਨਾਨਕ ਦੇਵ ਜੀ ਨੇ ਸਭਿਆਚਾਰਕ ਆਜ਼ਾਦੀ ਦੀ ਗਲ ਕੀਤੀ ਜਦੋਂ ਉਹਨਾਂ ਘਰ ਵਿਚ ਮੀਆਂ ਮੀਆਂ ਕਹਿਣ ਵਾਲਿਆਂ ਨੂੰ ਕਿਹਾ ਤੁਹਾਡੀ ਬੋਲੀ ਬਦਲ ਗਈ ਹੈ ਜਦੋਂ ਉਹਨਾਂ ਖਤਰੀਆਂ ਨੂੰ ਮਲੇਸ਼ ਭਾਸ਼ਾ ਵਰਤਨ ਤੇ ਕਿਹਾ ਕਿ ਤੁਹਾਡਾ ਧਰਮ ਬਦਲ ਗਿਆ ਹੈ । ਜਦੋਂ ਉਹਨਾਂ ਕਿਹਾ ਕਿ ਨੀਲੇ ਕਪੜੇ ਪਾ ਕੇ ਤੁਹਾਡਾ ਤੁਰਕਾਂ ਪਠਾਣਾਂ ਵਾਲਾ ਅਮਲ ਹੋ ਗਿਆ ਹੈ । ਉਹਨਾਂ ਸੁਤੰਤਰਤਾ ਦੀ ਜਾਗ ਲਾਈ । ਮਹਾਤਮਾ ਗਾਂਧੀ ਨੇ ਸਿਵਲ ਨਾ-ਫੁਰਮਾਨੀ ਸ਼ੁਰੂ ਕੀਤੀ ਜਾਂ ਕੂਕਿਆਂ ਨੇ ? ਕਦੇ ਇਹ ਵੀ ਸੋਚਿਆ ਜੇ ਕਿ ਗੁਰੂ ਨਾਨਕ ਨੇ ਕੀਤੀ । ਮੈਨੂੰ ਇਹ ਤਾਂ ਪਤਾ ਨਹੀਂ ਕਿ ਬਾਬਰ ਦੀ ਜੇਹਲ ਵਿਚ ਚੱਕੀ ਆਪੇ ਚਲੀ ਕਿ ਨਾ ਪਰ ਇਹ ਪਤਾ ਹੈ ਕਿ ਗੁਰੂ ਨਾਨਕ ਨੇ ਨਹੀਂ ਚਲਾਈ । ਇਹ ਪਹਿਲੀ ਨਾ-ਫੁਰਮਾਨੀ ਸੀ । ਸੁਤੰਤਰਤਾ ਦੀ ਬੁਨਿਆਦ ਸਿਖੀ ਵਿਚ ਹੈ । ਪਰ-ਅਧੀਨ ਨੂੰ ਸੁਪਨੇ ਵਿਚ ਸੁਖ ਨਹੀਂ । ਖਾਲਸਾ ਦਾ ਅਰਥ ਹੈ ਉਹ ਜ਼ਮੀਨ ਜਿਹੜੀ ਸਿੱਧੀ ਰਾਜੇ ਦੀ ਹੋਵੇ........

ਸਾਨੂੰ ਬ੍ਰਹਮੰਡ ਨਾਲ ਜੋੜਿਆ ਹੈ । ਧਰਮ, ਦੇਸ਼ ਕਾਲ ਦੀਆਂ ਹਦਾਂ ਤੋਂ ਪਰੇ ਹੁੰਦਾ ਹੈ । ਜੇ ਬੰਦਾ ਨਿਰਭਓ ਨਹੀਂ ਤਾਂ ਵੀ ਸੁਤੰਤਰ ਨਹੀਂ ਜੇ ਨਿਰਵੈਰ ਨਹੀਂ ਤਾਂ ਵੀ ਸੁਤੰਤਰ ਨਹੀਂ—ਨਿਰਭਓ ਨਿਰਵੈਰ ਨਾਲ ਜੁੜਿਆਂ ਹੀ ਸੁਤੰਤਰ ਹੋਇਆ ਜਾ ਸਕਦੈ । ਜਦੋਂ ਨਾਮਧਾਰੀ ਸਤਿਗੁਰਾਂ ਨੇ ਨਾਮ ਦੀ ਛਹਿਬਰ ਲਾਈ ਤਾਂ ਉਹਨਾਂ ਨਾਮ ਦੀ ਗੁੜਤੀ ਦੁਆਰਾ ਮਨੋਬਲ ਪੈਦਾ ਕੀਤਾ । ਨਾਮ ਕੁਰਬਾਨੀ ਦੀ ਗੁੜਤੀ ਹੈ ।

ਗੁਰੂ ਪੰਥ ਕਮਾਈ ਵਾਲਾ ਪੰਥ ਹੈ । ਆਓ ਦੇਖੀਏ ਏਕਤਾ ਦੇ ਪੁਲ ਕਿਵੇਂ ਬਣਾ ਸਕਦੇ ਹਾਂ । ਅਸੀਂ ਸਾਰੇ ਨਾਨਕ ਲੇਵਾ ਹਾਂ । ਅਸੀਂ ਸਾਰੇ ਗੁਰਭਾਈ ਹਾਂ । ਸਿਖੀ ਨਾਲ ਪਿਆਰ ਕਰੀਏ । ਇਹ ਤਾਂ ਗਲ ਸੌਖੀ ਹੈ ਜਿਹੜੀ ਅਸੀਂ ਕਰਦੇ ਹਾਂ ਕਿ ਉਹ ਵੀ ਸਿਖ ਨਹੀਂ, ਆਹ ਵੀ ਸਿਖ ਨਹੀਂ । ਰਹਿ ਕੌਣ ਗਿਆ ਮੈਂ ਤੇ ਤੂੰ ? ਤੁਹਾਨੂੰ ਪਤਾ ਮੈਂ ਕਿੰਨਾ ਕੁ ਸਿਖ ਹਾਂ ਮੈਨੂੰ ਪਤਾ ਹੈ ਤੁਸੀਂ ਕਿੰਨੇ ਕੁ ਸਿਖ ਹੋ । ਸਾਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ :

ਜੋ ਦੀਸੈ ਗੁਰ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥

ਡਾ: ਨੇਕੀ ਦੇ ਭਾਸ਼ਨ ਬਾਅਦ ਬਾਹਰਲੇ ਹਾਲ ਵਿਚ ਲੇਖਕਾਂ ਨੇ ਚੌਕੜੀਆਂ ਲਾ ਕੇ ਲੰਗਰ ਛਕਿਆ ਤੇ ਦੂਸਰੇ ਸੈਸ਼ਨ ਲਈ ਤਿਆਰ ਹੋ ਗਏ । ਹੁਣ ਸਤਿਗੁਰੂ ਜਗਜੀਤ ਸਿੰਘ ਜੀ ਵੀ ਆ ਚੁਕੇ ਸਨ ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਇਲੈਵਨ ਚੈਂਪੀਅਨ

—ਜਸਪਾਲ ਸ਼ੇਤਰਾ

੧੫ ਸਤੰਬਰ, ਦਿਨ ਸ਼ਨਿਚਰਵਾਰ। ਸਥਾਨ : ਦਿੱਲੀ ਦੇ ਸ਼ਿਵਾਜੀ ਸਟੇਡੀਅਮ ਦਾ ਘਾਹ ਦੀ ਹਰੀ ਚਾਦਰ ਵਾਲਾ ਮੈਦਾਨ। ਅਸਮਾਨ ਵਿਚ ਬੱਦਲਵਾਈ ਸੀ ਅਤੇ ਬੱਦਲ ਆਪਸ ਵਿਚ ਘੁਲ-ਮਿਲ ਕੇ ਵਰਸਣ ਦੀ ਤਿਆਰੀ ਕਰ ਰਹੇ ਸਨ। ਜਿਵੇਂ ਕੋਈ ਖਿਡਾਰੀ ਮੈਚ ਤੋਂ ਪਹਿਲਾਂ ਛੋਟੀਆਂ ਛੋਟੀਆਂ ਕਸਰਤਾਂ ਨਾਲ ਆਪਣੇ ਸਰੀਰ ਗਰਮਾਉਂਦੇ ਹਨ ਬਿਲਕੁਲ ਉਸੇ ਤਰ੍ਹਾਂ ਬੱਦਲ ਆਪਣੇ ਸਰੀਰ ਗਰਮਾ ਰਹੇ ਲਗਦੇ ਸਨ ਅਤੇ ਉਧਰ ਹਰੇ ਘਾਹ ਦੇ ਚਾਦਰ ਵਾਲੇ ਮੈਦਾਨ ਉਤੇ ਹਾਕੀ ਖਿਡਾਰੀ ਆਪਣੇ ਸਰੀਰ ਗਰਮਾ ਰਹੇ ਸਨ। ਇਹ ਸਰਵ ਭਾਰਤੀ ਅਬਦੁਲ ਗੁਫਾਰ ਖਾਂ ਹਾਕੀ ਟੂਰਨਾਮੈਂਟ ਦੇ ਸ਼ੁਰੂ ਹੋਣ ਤੋਂ ਪਹਿਲਾਂ ਦਾ ਦ੍ਰਿਸ਼ ਸੀ। ਇਹ ਮੈਚ ਨਾਮਧਾਰੀ ਇਲੈਵਨ ਸਰਸਾ ਦੀ ਟੀਮ ਅਤੇ ਜਲੰਧਰ ਦੀ ਆਰਮੀ ਸਰਵਿਸ ਕੋਰਪਸ (ਏ.ਐਸ.ਸੀ.) ਦੇ ਫੌਜੀਆਂ ਵਿਚਾਲੇ ਸ਼ੁਰੂ ਹੋਣ ਜਾ ਰਿਹਾ ਸੀ। ਪਰ ਜਦੋਂ ਮੈਚ ਸ਼ੁਰੂ ਹੋਣ ਦਾ ਸਮਾਂ ਆਇਆ ਤਾਂ ਇੰਦਰ ਦੇਵਤਾ ਜੀ ਤੁੱਠ ਪਏ। ਇਸ ਲਈ ਅੱਧੇ ਘੰਟੇ ਦਾ ਸਮਾਂ ਇੰਦਰ ਦੇਵਤੇ ਨੂੰ ਸਮਰਪਿਤ ਕਰਨਾ ਪਿਆ। ਨਤੀਜਾ ਇਹ ਨਿਕਲਿਆ ਕਿ ਇਹ ਮੈਚ ਡੇਢ ਘੰਟੇ ਦੀ ਥਾਂ ਘੰਟੇ ਤਕ ਹੀ ਸਕੁੰਚਿਤ ਹੋ ਕੇ ਰਹਿ ਗਿਆ।

ਆਖਰਕਾਰ ਮੈਚ ਸ਼ੁਰੂ ਹੋਇਆ। ਭਾਵੇਂ ਮੀਂਹ ਨਾਲ ਸਲਾਭਾ ਹੋ ਗਿਆ ਸੀ ਪਰ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਮੈਚ ਸ਼ੁਰੂ ਹੁੰਦੇ ਹੀ ਚੰਗੀ ਖੇਡ ਦਾ ਮੁਜ਼ਾਹਰਾ ਕਰਨਾ ਸ਼ੁਰੂ ਕਰ ਦਿਤਾ। ਮੈਚ ਦੇ ਪਹਿਲੇ ਅੱਧ ਵਿਚ ਨਿਰਸੰਦੇਹ ਹੀ ਏ.ਐਸ.ਸੀ. ਵਾਲੇ ਫੌਜੀ ਭਾਰੂ ਰਹੇ। ਉਹਨਾਂ ਦੇ ਭਾਰੂ ਰਹਿਣ ਦਾ ਨਤੀਜਾ ਵੀ ਬਿਲਕੁਲ ਸਪੱਸ਼ਟ ਰੂਪ ਵਿਚ ਸਾਹਮਣੇ ਆਇਆ। ਫੌਜੀਆਂ ਵਲੋਂ ਪਹਿਲਾ ਗੋਲ ਖੇਡ ਦੇ ਨੌਵੇਂ ਮਿੰਟ ਵਿਚ ਪੀ. ਹੋਤੇ ਨਾਂ ਦੇ ਖਿਡਾਰੀ ਨੇ ਕੀਤਾ। ਫੌਜੀਆਂ ਨੇ ਲਗਦੇ ਹੱਥ ਦੂਜਾ ਗੋਲ ਖੇਡ ਦੇ ਪਹਿਲੇ ਅੱਧ ਦੇ ਚੌਧਵੇਂ ਮਿੰਟ ਵਿਚ ਕਰ ਦਿਤਾ। ਇਹ ਗੋਲ ਸੁਕਰੰਤ ਨਾਮੀ ਖਿਡਾਰੀ ਨੇ ਕੀਤਾ।

ਮੈਚ ਦੇ ਦੂਜੇ ਅੱਧ ਵਿਚ ਨਾਮਧਾਰੀ ਖਿਡਾਰੀ ਆਪਣੇ ਰੰਗ ਵਿਚ ਆ ਗਏ। ਉਹਨਾਂ ਪਹਿਲੇ ਅੱਧ ਦੇ ਮੁਕਾਬਲੇ ਦੂਜੇ ਵਿਚ ਪਾਸਾ ਹੀ ਪਲਟ ਦਿਤਾ। ਜੇ ਪਹਿਲਾਂ ਫੌਜੀ ਭਾਰੂ ਰਹੇ ਤਾਂ ਹੁਣ ਸਥਿਤੀ ਉਸਤੋਂ ਬਿਲਕੁਲ ਉਲਟ ਸੀ। ਜਦੋਂ ਖੇਡ ਦੀ ਉਮਰ ੪੭ ਮਿੰਟ ਹੋਈ ਤਾਂ ਨਾਮਧਾਰੀਆਂ ਦੇ ਸੁਖਵਿੰਦਰ ਸਿੰਘ (ਸੀਨੀਅਰ) ਨਾਮੀ ਖਿਡਾਰੀ ਨੇ ਗੇਂਦ ਨੂੰ



ਹਵਾ ਵਿਚ ਇਸ ਤਰ੍ਹਾਂ ਉਠਾਇਆ ਕਿ ਇਹ ਗੇਂਦ ਫੌਜੀਆਂ ਦੇ ਗੋਲ ਦੇ ਨੈਟ ਦੀ ਹਿੱਕ ਉਤੇ ਜਾ ਟਿੱਕੀ। ਇਸ ਤਰ੍ਹਾਂ ਹੁਣ ਨਾਮਧਾਰੀਆਂ ਦੀ ਟੀਮ ਪੂਰੇ ਹੌਸਲੇ ਵਿਚ ਹੋ ਗਈ। ਉਸਤੋਂ ਥੋੜੀ ਦੇਰ ਬਾਦ ਹੀ ਨਾਮਧਾਰੀ ਟੀਮ ਦੇ ਕਪਤਾਨ ਗੁਰਨਾਮ ਸਿੰਘ ਨੇ ਇਕ ਹੋਰ ਸ਼ਾਨਦਾਰ ਗੋਲ ਕਰਕੇ ਮੈਚ ਨੂੰ ਬਰਾਬਰੀ ਉਤੇ ਲਿਆ ਖੜਾ ਕੀਤਾ।

ਗੱਲ ਆਖਰਕਾਰ ਪੈਨਲਟੀ ਜਾਂ ਟਾਈ ਬਰੇਕਰ ਤੱਕ ਜਾ ਪਹੁੰਚੀ। 'ਟਾਈ ਬਰੇਕਰ' ਵਿਚ ਨਾਮਧਾਰੀਆਂ ਵਲੋਂ ਗੁਰਨਾਮ ਸਿੰਘ, ਬੱਗਾ ਸਿੰਘ, ਜਸਵੰਤ ਸਿੰਘ, ਸੁਖਵਿੰਦਰ ਸਿੰਘ ਨੇ ਆਪਣੀਆਂ ਪੁੱਸ਼ਾਂ ਨੂੰ ਸਿਧੇ ਗੋਲ ਵਿਚ ਬਦਲਾ ਦਿਤਾ ਜਦ ਕਿ ਫੌਜ ਸਿਰਫ ਦੋ ਗੋਲ ਹੀ ਕਰ ਸਕੇ। ਮੈਚ ਉਪਰੰਤ ਜੇਤੂ ਟੀਮ ਨੂੰ ਕੱਪ ਭਾਰਤ ਦੇ ਸਾਬਕ ਰਾਸ਼ਟਪਤੀ ਗਿਆਨੀ ਜ਼ੈਲ ਸਿੰਘ ਦੇ ਹਥੀਂ ਦਿਤਾ ਗਿਆ।

ਖਬਰਾਂ ਵੇਲੇ ਸ਼ਾਇਦ ਦੂਰਦਰਸ਼ਨ ਵਾਲਿਆਂ ਨੂੰ ਨੀਂਦ ਹੀ ਆ ਗਈ ਜਿਵੇਂ ਕਿ ਉਹਨਾਂ ਨੂੰ ਕ੍ਰਿਕਟ ਨੂੰ ਛੱਡ ਕੇ ਬਾਕੀ ਖੇਡਾਂ ਦੇ ਮੈਚਾਂ ਵੇਲੇ ਅਕਸਰ ਹੀ ਆ ਜਾਂਦੀ ਹੈ। ਦੂਰਦਰਸ਼ਨ ਨੇ ਇਸ ਮੈਚ ਦਾ ਖਬਰਾਂ ਵਿਚ ਜ਼ਿਕਰ ਤਕ ਨਾ ਕੀਤਾ। ਹਾਲਾਂ ਕਿ ਇਹ ਮੈਚ ਸਿੱਧਾ ਨਾਲੋ ਨਾਲ ਟੈਲੀਕਾਸਟਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

**ਖ਼ ਬ ਰ ਨਾ ਮਾ**

## ੧੫ਵਾਂ ਸਾਲਾਨਾ ਸੰਗੀਤ ਸੰਮੇਲਨ

ਸੰਗੀਤ ਕਲਾ ਮੰਚ ਜਲੰਧਰ ਦਾ ੧੫ਵਾਂ ਸਾਲਾਨਾ ਸੰਗੀਤ ਸੰਮੇਲਨ ੪ ਨਵੰਬਰ ਐਤਵਾਰ ਨੂੰ ਹੋਣਾ ਨਿਸ਼ਚਿਤ ਹੋਇਆ ਹੈ। ਇਸ ਵਿਚ ਭਾਰਤ ਦੇ ਪ੍ਰਸਿੱਧ ਗਾਇਕ "ਸਿੰਘ ਬੰਧੂ", ਰਾਜ ਕੁਮਾਰ ਸਿੰਘ (ਸਿਤਾਰ ਵਾਦਕ) ਅਤੇ ਹੋਰ ਸੰਗੀਤਕਾਰ ਭਾਗ ਲੈਣਗੇ। ਇਹ ਸੂਚਨਾ ਮੰਚ ਦੇ ਜਨਰਲ ਸਕੱਤਰ ਪ੍ਰੋ: ਜੋਗਿੰਦਰ ਬਾਵਰਾ ਨੇ ਦਿਤੀ।

## ਅਮ੍ਰਿਤਬੀਰ ਸਿੰਘ ਦਾ ਅਨੰਦ ਕਾਰਜ

201-A ਸਰਾਭਾ ਨਗਰ ਲੁਧਿਆਣਾ ਵਾਲੇ ਸ: ਹਰਬੰਸ ਸਿੰਘ ਜੀ, ਮੁਜ਼ਫਰਪੁਰ ਵਾਲਿਆਂ ਦੇ ਸਪੁੱਤਰ ਕਾਕਾ ਅਮ੍ਰਿਤਬੀਰ ਸਿੰਘ ਦਾ ਅਨੰਦ ਕਾਰਜ ਬੀਬੀ ਅਰਵਿੰਦਰ ਕੌਰ ਸਪੁੱਤਰੀ ਸ: ਜੋਗਿੰਦਰ ਸਿੰਘ ਨਾਗੀ, C-110 ਨਰੈਣਾ ਦਿੱਲੀ ਨਿਵਾਸੀ ਨਾਲ ਮਿਤੀ ੧੯ ਅਗਸਤ ੧੯੯੦ ਨੂੰ ਨਾਮਧਾਰੀ ਧਰਮਸਾਲਾ ਦਿੱਲੀ ਵਿਖੇ ਹੋਇਆ। ਇਸ ਅਵਸਰ ਤੇ ਸ: ਹਰਬੰਸ ਸਿੰਘ ਵਲੋਂ ਇਕਵੰਜਾ ਰੁਪਏ ਸੰਤ ਸਤਨਾਮ ਸਿੰਘ ਰਾਹੀਂ ਵਰਿਆਮ ਨੂੰ ਭੇਜੇ ਗਏ ਹਨ।

## ਮਦਾਰ ਪਰਿਵਾਰ ਨੂੰ ਖੁਸ਼ੀਆਂ

ਸਤਿਗੁਰੂ ਜਗਜੀਤ ਸਿੰਘ ਦੀ ਦੇ ਹਜ਼ੂਰੀ ਸੇਵਕ ਸ: ਜੋਗਾ ਸਿੰਘ ਮਦਾਰ ਦੇ ਘਰ ਸਤਿਗੁਰੂ ਜੀ ਦੀ ਬਖਸ਼ਿਸ਼ ਦੁਆਰਾ ਸਪੁਤਰ ਦੀ ਦਾਤ ਪ੍ਰਾਪਤ ਹੋਈ ਹੈ। ਕਾਕੇ ਦਾ ਨਾਮ ਸਤਿਗੁਰੂ ਜੀ ਨੇ ਜਵੰਦ ਸਿੰਘ ਰਖਿਆ ਹੈ। ਇਸ ਖੁਸ਼ੀ ਵਿਚ ਵਰਿਆਮ ਨੂੰ ੨੧/- ਸਹਿਯੋਗ ਭੇਜਿਆ ਹੈ।

## ਕਾਕਾ ਆਸਾ ਸਿੰਘ-ਆਤਮਾ ਸਿੰਘ ਦਾ ਜਨਮ ਦਿਨ

ਸੰਤ ਝਿਰਮਲ ਸਿੰਘ ਦੇ ਪਰਿਵਾਰ ਚੋਂ ਸਵ: ਸੰਤ ਰਛਪਾਲ ਸਿੰਘ ਦੇ ਦੋਹ ਪੋਤਰਿਆਂ (ਕਾਕਾ ਆਸਾ ਸਿੰਘ ਸਪੁਤਰ ਸ: ਅਮਰਜੀਤ ਸਿੰਘ; ਕਾਕਾ ਆਤਮਾ ਸਿੰਘ ਸਪੁਤਰ ਸ: ਆਗਿਆ ਸਿੰਘ) ਦੇ ਜਨਮ ਦਿਨ ਦੀ ਖੁਸ਼ੀ ਵਿਚ ਪਰਿਵਾਰ ਦੇ ਨਿਵਾਸ ਅਸਥਾਨ ੮੧ ਰਵਿੰਦਰ ਨਗਰ ਜਲੰਧਰ ਵਿਚ ੨੧-੯-੯੦ ਨੂੰ ਨਾਮ ਸਿਮਰਨ ਦੀ ਵਰਨੀ ਕੀਤੀ ਗਈ। ਇਸ ਸਮੇਂ ਵਰਿਆਮ ਨੂੰ ੨੧/- ਰੁ: ਭੇਟ ਕੀਤੇ ਗਏ।

ਸ: ਗੁਰਦੀਪ ਸਿੰਘ ਪਿੰਡ ਅਦਾਲਤ ਚੱਕ ਵਾਲਿਆਂ ਘਰ ੨੯-੯-੯੦ ਨੂੰ ਪਾਠ ਦਾ ਭੋਗ ਪਾਇਆ ਗਿਆ ਵਰਿਆਮ ਨੂੰ ੧੧/- ਰੁ: ਭੇਜੇ ਹਨ।

## ਮਾਤਾ ਚੰਨਣ ਕੌਰ ਦੀ ਯਾਦ

ਜਥੇਦਾਰ ਸੇਵਾ ਸਿੰਘ ਦਿਲੀ(ਮਲ੍ਹੇ ਵਾਲਿਆਂ)ਦੀ ਧਰਮ ਮਾਤਾ ਜੀ, ਮਾਤਾ ਚੰਨਣ ਕੌਰ ਜੀ ਕਾਨਪੁਰ ਵਾਲੇ ੨-੭-੮੮ ਨੂੰ ਚੜ੍ਹਾਈ ਕਰ ਗਏ ਸਨ। ਉਹਨਾਂ ਦੀ ਯਾਦ ਨਮਿਤ ਜਥੇਦਾਰ ਜੀ ਵਲੋਂ ੭੦/- ਰੁ: ਵਰਿਆਮ ਨੂੰ ਪੁਜੇ ਹਨ।

## ਬੀਬੀ ਸੁਰਜੀਤ ਕੌਰ ਦਾ ਵਰ੍ਹੀਨਾ

ਅੰਮ੍ਰਿਤਸਰ ਸੂਬਾ ਹਰਬੰਸ ਸਿੰਘ ਦੋਸ਼ੀ ਨੰਦੇੜ ਵਾਲਿਆਂ ਦੀ ਭੈਣ ਬੀਬੀ ਸੁਰਜੀਤ ਕੌਰ ਸੁਪਤਨੀ ਸ:ਬਲਰਾਮ ਸਿੰਘ ਕਰੋੜੀ ਚੋਕ ਅੰਮ੍ਰਿਤਸਰ ਪਿਛਲੇ ਸਾਲ ਚੜ੍ਹਾਈ ਕਰ ਗਏ ਸਨ। ਉਨ੍ਹਾਂ ਨਮਿਤ ਵਰ੍ਹੀਨੇ ਦੇ ਪਾਠ ਦਾ ਭੋਗ ੧੮ ਸਤੰਬਰ ੧੯੯੦ ਨੂੰ ਪਾਇਆ ਗਿਆ। ਜਥੇਦਾਰ ਗਿਆਨ ਸਿੰਘ ਜੀ ਦੀਵਾਨ ਲਾਇਆ। ਸੇਠ ਰਘਬੀਰ ਸਿੰਘ ਜੀ, ਸ: ਬਲਦੇਵ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ, ਪ੍ਰੀਤਮ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ ਆਦਿ ਨੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਇਸ ਅਵਸਰ ਤੇ ਵਰਿਆਮ ਨੂੰ ੫੧/- ਰੁ: ਸਹਾਇਤਾ ਭੇਜੀ ਗਈ।

## ਸੰਤ ਇੰਦਰ ਸਿੰਘ ਜੀ ਚੜ੍ਹਾਈ ਕਰ ਗਏ

ਮੰਡੀ ਨਿਵਾਸੀ ਸੰਤ ਇੰਦਰ ਸਿੰਘ ਜੀ ੫੪ ਸਾਲ ਦੀ ਆਯੂ ਵਿਚ ਮਿਤੀ ੩ ਸਤੰਬਰ ੧੯੯੦ ਨੂੰ ਚੜ੍ਹਾਈ ਕਰ ਗਏ ਹਨ 'ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ ਵਿਖੇ ੧੬ ਸਤੰਬਰ ਨੂੰ ਪਾਇਆ ਗਿਆ। ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਇੰਦਰ ਸਿੰਘ ਜੀ ਦੀ ਸੇਵਾ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਉਪਦੇਸ਼ ਕੀਤਾ ਕਿ ਵਿਅਕਤੀ ਨੂੰ ਕੰਮ ਕਰਕੇ ਵੀ ਅਰਦਾਸ ਕਰਨੀ ਚਾਹੀਦੀ ਹੈ ਕਿ ਮੇਰੇ ਮਨ ਵਿਚ ਹੰਕਾਰ ਨਾ ਆਵੇ। ਸਤਿਗੁਰੂ ਜੀ ਨੇ ਵਡੇ ਸਪੁਤਰ ਸ: ਦਲੀਪ ਸਿੰਘ ਨੂੰ ਆਪ ਦਸਤਾਰ ਸਜਾਈ। ਸੰਤ ਇੰਦਰਸਿੰਘ ਘਰੋਂ ਬੀਬੀਦਰਸ਼ਨਾ ਗੁਰੂਘਰ ਦੀ ਅਨਿੰਨਸੇਵਿਕਾ ਹਨ ਅਤੇ ਛੋਟਾ ਸਪੁਤਰ ਹਰਮੀਤ ਸਿੰਘ ਅਕੈਡਮੀ ਵਿਚ ਕਾਰਜਸ਼ੀਲ ਰਿਹਾ ਹੈ। ਅਦਾਰਾ ਵਰਿਆਮ ਪਰਿਵਾਰ ਦੇ ਵਿਛੋੜੇ ਸਮੇਂ ਹਮਦਰਦੀ ਪ੍ਰਗਟ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਮਾਤਾ ਰਾਜਿੰਦਰ ਕੌਰ



ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਸ: ਜਗਮੋਹਨ ਸਿੰਘ ਹੰਸਪਾਲ ਦੇ ਮਾਤਾ ਸ੍ਰੀਮਤੀ ਰਾਜਿੰਦਰ ਕੌਰ (ਸਪਤਨੀ ਸ: ਗਿਆਨ ਸਿੰਘ ਹੰਸਪਾਲ ਚੀਫ ਇੰਜਨੀਅਰ) ਜੋ ੭੨ ਸਾਲ ਦੀ ਆਯੂ ਵਿਚ ਮਿਤੀ ੨੯ ਜੁਲਾਈ ੧੯੯੦ ਨੂੰ ਗੁਰਪੁਰੀ ਸਿਧਾਰ ਗਏ ਹਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਮਿਤੀ ੧੪ ਅਗਸਤ ੧੯੯੦ ਨੂੰ ਤਾਲਕਟੋਰਾ ਇਨਡੋਰ ਸਟੇਡੀਅਮ ਨਵੀਂ ਦਿੱਲੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।

## ਸ: ਕਰਤਾਰ ਸਿੰਘ ਸੱਗੂ ਸਵਰਗਵਾਸ

ਨਵੀਂ ਦਿੱਲੀ : ਸ: ਕਰਤਾਰ ਸਿੰਘ ਸੱਗੂ ਮਿਤੀ ੨੮ ਅਗਸਤ ੧੯੯੦, ਮੰਗਲਵਾਰ ਰਾਤ ੧੧.੩੦ ਵਜੇ ਅਪਣੇ ਨਿਵਾਸ ਅਸਥਾਨ 13A/115 ਬਰਹਮਪੁਰੀ ਕੁਆਟਰਜ਼ ਕਰੋਲ ਬਾਗ ਨਵੀਂ ਦਿੱਲੀ-੫ ਵਿਖੇ ੬੯ ਸਾਲ ਦੀ ਆਯੂ ਵਿਚ ਚੜ੍ਹਾਈ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਰਖੇ ਪਾਠ ਦਾ ਭੋਗ ਸ਼ੁਕਰਵਾਰ ਮਿਤੀ ੭ ਅਗਸਤ ੧੯੯੦ ਨੂੰ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਪਹਿਲਾਂ ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲਿਆਂ ਨੇ ਸਮੇਂ ਅਨੁਸਾਰ ਗਿਆਨਮਈ ਕੀਰਤਨ ਕੀਤਾ। ਇਕ ਘੰਟਾ ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀਆਂ ਸੰਤ ਖਜ਼ਾਨ ਸਿੰਘ-ਹਰਬੰਸ ਸਿੰਘ, ਸੰਤ ਹਰਭਜਨ ਸਿੰਘ-ਸੁਰਜੀਤ ਸਿੰਘ-ਸੁਖਦੇਵ ਸਿੰਘ ਆਦਿ ਨੇ ਕੀਰਤਨ ਕੀਤਾ।



ਇਸ ਦਿਨ ਅਥਾਹ ਬਾਰਸ਼ ਕਾਰਨ ਭਾਵੇਂ ਪ੍ਰੋਗਰਾਮ ਪਰਿਵਾਰ ਦੇ ਨਿਵਾਸ ਅਸਥਾਨ ਕਰੋਲ ਬਾਗ ਤੋਂ ਯਕਦਮ ਬਦਲਕੇ ਰਮੇਸ਼ ਨਗਰ ਕੀਤਾ ਗਿਆ ਪਰ ਫਿਰ ਵੀ ਸੰਗਤਾਂ ਦੀ ਹਾਜ਼ਰੀ ਦਾ ਅੰਦਾਜ਼ ਨਹੀਂ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਣੇ ਕਰ ਕਮਲਾਂ ਦੁਆਰਾ ਸ: ਕਰਤਾਰ ਸਿੰਘ ਦੇ ਵੱਡੇ ਸਪੁਤਰ ਸ: ਜਸਪਾਲ ਸਿੰਘ ਜੀ ਨੂੰ ਦਸਤਾਰ ਸਜਾਈ। ਸੰਤਾਂ ਦੇ ਸਪੁਤਰਾਂ ਸ: ਜਸਪਾਲ ਸਿੰਘ, ਸ: ਭਜਨ ਸਿੰਘ ਅਤੇ ਸ: ਗੁਰਦੇਵ ਸਿੰਘ ਸਮੂਹ ਪਰਿਵਾਰ ਸਹਿਤ ਸਾਧ ਸੰਗਤ ਦੀ ਸੇਵਾ ਲੰਗਰ ਪਾਣੀ ਦੁਆਰਾ ਕੀਤੀ—ਧਰਮ ਕਾਰਜਾਂ ਲਈ ਮਾਇਆ ਅਰਦਾਸ ਕਰਾਈ ਗਈ—ਵਰਿਆਮ ਨੂੰ ੧੦੦/- ਰੁ: ਭੇਟ ਕੀਤੇ ਗਏ।

## ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਮੇਲਾ

ਸ੍ਰੀ ਭੈਣੀ ਸਾਹਿਬ ਵਿਚ ਸ਼ੁਰੂ ਸਾਲਾਨਾ ਜੱਪ ਪ੍ਰਯੋਗ ਦਾ ਭੋਗ ਐਤਵਾਰ ਮਿਤੀ ੧੪ ਅਕਤੂਬਰ ੧੯੯੦ ਨੂੰ ਸਵੇਰ ਸਾਰ ਪੈ ਰਿਹਾ ਹੈ। ਸਾਲ ਭਰ ਤੋਂ ਸ਼ੁਰੂ ਪ੍ਰਯੋਗ ਦੇ ਅੰਤਲੇ ਤਿੰਨ ਚਾਰ ਦਿਨ ਭਾਰੀ ਮੇਲਾ ਹੋਵੇਗਾ ਜਿਸ ਵਿਚ ਨਾਮ ਸਿਮਰਨ, ਕੀਰਤਨ, ਹੱਲੇ ਦੇ ਦੀਵਾਨ, ਵਖਿਆਨ ਅਤੇ ਕਵੀ ਦਰਬਾਰ ਆਦਿਕ ਦਾ ਨਿਰੰਤਰ ਕਾਰਜ ਕ੍ਰਮ ਚਲੇਗਾ। ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦਾ ਵਿਸ਼ੇਸ਼ ਅੰਕ
## ਇਕ ਬੇਨਤੀ

ਆਪ ਜੀ ਨੂੰ ਪਤਾ ਹੀ ਹੈ ਕਿ ਅੱਜ ਕਲ ਨਾਮਧਾਰੀ ਜਗਤ ਵਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਪਰਸੰਗ ਵਿਚ ਵਰਿਆਮ ਵਲੋਂ ਇਕ ਸੁੰਦਰ ਵਿਸ਼ੇਸ਼ ਅੰਕ ਤਿਆਰੀ ਅਧੀਨ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅੰਕ ਵਿਚ ਪ੍ਰਕਾਸ਼ਤ ਹੋਣ ਲਈ ਆਪਣੀਆਂ ਨਿੱਜੀ ਯਾਦਾਂ ਦੇ ਭੰਡਾਰ ਵਿਚੋਂ ਜਾਂ ਆਪਣੇ ਨਿਕਟਵਰਤੀਆਂ ਤੋਂ ਪ੍ਰਾਪਤ ਵਿਵਰਨਾਂ ਤੇ ਆਧਾਰਿਤ ਕੋਈ ਵਾਰਤਾ ਕੋਈ ਕਹਾਣੀ; ਆਪਣੇ ਅਨੁਭਵ ਜਾਂ ਸਤਿਗੁਰੂ ਜੀ ਦੇ ਜੀਵਨ ਆਦਰਸ਼ਾਂ ਤੇ ਕੋਈ ਰਚਨਾ, ਲੇਖ, ਕਵਿਤਾ, ਗ਼ਜ਼ਲ ਆਦਿ ਲਿਖ ਕੇ ਸਾਨੂੰ ਭੇਜੋ। ਲੇਖਣ ਸਾਮਗਰੀ ਇਕ ਮਹੀਨੇ ਦੇ ਅੰਦਰ ਹੀ ਲੋੜੀਂਦੀ ਹੈ।

—ਸੰਪਾਦਕ ਵਰਿਆਮ

---

## ਪ੍ਰਾਪਤ ਪੁਸਤਕਾਂ

### ਸੱਤ ਰੰਗੇ ਲਫਜ਼

ਲੇਖਕ : ਸੁਖਦਰਸ਼ਨ ਧਾਲੀਵਾਲ
ਪ੍ਰਕਾਸ਼ਕ ਨਵਯੁਗ ਪਬਲਿਸ਼ਰਜ਼ ਪਲੀਅਰ
ਗਾਰਡਨ ਮਾਰਕਿਟ ਚਾਂਦਨੀ ਚੌਕ ਦਿੱਲੀ-੬

ਸਾਈਜ਼ ੨੦ × ੩੦ / ੧੬ ਪੰਨੇ ੬੪ ਮੁਲ ੪੦ ਰੁਪਏ

੧੧ ਗ਼ਜ਼ਲਾਂ ਅਤੇ ੩੪ ਨਜ਼ਮਾਂ ਦਾ ਕਾਵਿ ਸੰਗ੍ਰਹਿ

### ਸਮੁੰਦਰ ਨਾਲ ਗੱਲਾਂ

ਲੇਖਕ : ਦਰਸ਼ਨ ਬੁਲੰਦਵੀ
ਪ੍ਰਕਾਸ਼ਕ : ਨਵ ਯੁਗ ਪਬਲਿਸ਼ਰਜ਼
ਚਾਂਦਨੀ ਚੌਕ ਦਿੱਲੀ

ਸਾਈਜ਼ ੨੩ × ੩੬ / ੧੬ ਪੰਨੇ ੭੨ ਮੁਲ ੪੦ ਰੁਪਏ

ਇੰਗਲੈਂਡ ਨਿਵਾਸੀ ਲੇਖਕ ਦੀਆਂ ੩੯ ਕਿਰਤਾਂ ਦਾ ਕਾਵਿ ਸੰਗ੍ਰਹਿ

---

### ਮੇਰੀ ਆਤਮ ਕਥਾ

ਲੇਖਕ : ਦਾਰਾ ਸਿੰਘ (ਰੁਸਤਮੇ ਹਿੰਦ(
ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼ ਪਲਈਅਰ
ਗਾਰਡਨ ਮਾਰਕੀਟ ਚਾਂਦਨੀ ਚੌਕ, ਦਿੱਲੀ

ਸਾਈਜ਼ ੨੩ × ੩੬ / ੧੬ ਪੰਨੇ ੧੪੮ ਮੁਲ ੫੫ ਰੁਪਏ

ਇਸ ਪੁਸਤਕ ਵਿਚ ਦਾਰਾ ਸਿੰਘ ਨੇ ਆਪਣੀ ਕਲਮ ਨਾਲ ਆਪਣੇ ਪਿੰਡ ਤੋਂ ਲੈ ਕੇ ਆਪਣੇ ਜੀਵਨ ਘੋਲ ਦਾ ਜ਼ਿਕਰ ਰਾਮਾਇਣ ਟੀ.ਵੀ. ਸੀਰੀਅਲ ਵਿਚ ਹਨੂਮਾਨ ਦੇ ਰੋਲ ਤੱਕ ਬਹੁਤ ਦਿਲਚਸਪ ਵਾਰਤਾ ਵਿਚ ਕੀਤਾ ਹੈ।



Sri Satguru Jagjit Singh Ji eLibrary NamdhariElibrary@gmail.com

GOLD STAR
HOME ELECTRICAL APPLIANCES
SUPERB TECHNOLOGY
STAR PERFORMANCE
Sole Distributors :
TELEVISION SERVICE CENTRE (REGD.)
23, Beadonpura, Karol Bagh, NEW DELHI-110005
Phones : Service Centre : 5712477
Show Room : 5727552
Gold Star : 7227095
Telex - 31-79088 IEC IN
Grams : HOUSE QUEEN



ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD. OFFICE 9TH KILOMETER, PATHANKOT ROAD, JALANDHAR.
PHONES 72116, 76572, 72118



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CO..CRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER /5

Phones Office : 529033
Factory : 501973
Resi. : 536093

## BALWANT SINGH & SONS

Office: 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064



Sri Satguru Jagjit Singh Ji eLibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
WZ-2, Mansarover Garden, Ring Road,
NEW DELHI-110015

For All Kinds of Water Pumps,
Machinery Repair & Other Job Works

## KHALSA Engineering Works

Campus Sant Brothers,
Near Jewel Cinema, Below Gumat,
JAMMU-180001.
Phone : 48919

## SANT SPORTS

Manufacturers of :
HIGH QUALITY CRICKET BATS
& OTHER SPORTS ITEMS
Below Gumat, JAMMU TAWI-180001
(J & K)
Phone : 48320

Manufacturers of :
WOODEN & PLY PACKING CASES

## PARTAP PACKERS

B-204, Mansrover Garden,
NEW DEHLI-110015.

## RAINU Engineering Works Regd.

Prop. : S. Mohinder Singh
Specialists in All Kinds of Auto Repairing,
Saw Mills, Millers, Stone Crushers, Gates,
Grils, Tata Rim Plate New Fittings &
Water Tanks
Repair of Honda Generators and
Diesel Generators
VINAIK BAZAR, JAMMU.
Phone No. 46894




Sri Satguru Jagjit Singh eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਗੋਸ਼ਟੀ ਨਵੀਂ ਦਿਲੀ



ਉਪਰ ਪ੍ਰਸਿਧ ਲੇਖਕ ਪਤਰਕਾਰ ਸ. ਮਹੀਪ ਸਿੰਘ, ਪਿਛੇ ਪ੍ਰਿਸੀਪਲ ਬੇਅੰਤ ਕੋਰ, ਸ. ਦਲੀਪ ਸਿੰਘ ਤੇ ਦਰਸ਼ਕ (ਦਰਮਿਆਨ) ਡਾ. ਅਮਰ ਭਾਰਤੀ, ਜਗਦੀਸ਼ ਸਿੰਘ ਵਰਿਆਮ. ਦਵਿੰਦਰ ਗਿਲ, (ਪਿਛੇ) ਕਿਰਪਾਲ ਸਿੰਘ ਹੀਰਾ, ਠਾਕਰ ਵਿਸ਼ੇਸ਼ਰ ਸਿੰਘ, ਸ. ਫੌਜਾ ਸਿੰਘ (ਪਿਛੇ : ਪ੍ਰੋ ਸੁਖਬੀਰ ਸਿੰਘ ਗੁਲਾਟੀ) (ਥੱਲੇ) : ਸ ਹ. ਸ. ਹੰਸਪਾਲ ਚੇਅਰਮੈਨ ਸ਼ਤਾਬਦੀ ਕਮੇਟੀ, ਡਾ. ਜਸਵੰਤ ਸਿੰਘ ਨੇਕੀ ਪ੍ਰਧਾਨ ਪਹਿਲਾ ਸੈਸ਼ਨ ਅਤੇ ਡਾ. ਹਰਿਭਜਨ ਸਿੰਘ ।

Sri Satguru Jagjit Singh Ji eLibrary NamdhariElibrary@gmail.com

Registered No. PB/JL—253 **MONTHLY WARIAM** SEPTEMBER 1990
Ladowali Rd, Jalandhar-144001.
Registered with the Registrar of News Papers for India No. 26153/75



ਆਲ ਇੰਡੀਆ ਅਬਦੁਲ 'ਗੁਫਾਰ ਖਾਂ ਹਾਕੀ ਟੂਰਨਾਮੈਂਟ ਦਿਲੀ ਦੀ ਚੈਂਪੀਅਨ, ਨਾਮਧਾਰੀ ਇਲੈਵਨ, ਜੇਤੂ ਕੱਪ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ। ਪਿਛੇ ਮਹਾਰਾਜ ਬੀਰ ਸਿੰਘ ਜੀ, ਠਾਕਰ ਉਦੈ ਸਿੰਘ, ਸ. ਬਲਦੇਵ ਸਿੰਘ ਕੋਚ ਆਦਿ ਖੜੇ ਹਨ।



ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਗੋਸ਼ਟੀ ਦੇ ਮੁਖ ਮਹਿਮਾਨ ਉਪ ਰਾਸ਼ਟਰਪਤੀ ਡਾ. ਸ਼ੰਕਰ ਦਿਆਲ ਸ਼ਰਮਾ ਦਾ ਸੁਆਗਤ ਕਰਦਿਆਂ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਤੇ ਜਗਦੀਸ਼ ਸਿੰਘ ਸੰਪਾਦਕ ਵਰਿਆਮ।

Sri Satguru Jagjit Singh Ji eLibrary NamdhariElibrary@gmail.com